ਕੈਨੇਡਾ ਦਰਪਣ

ਅਗਸਤ 2, 1985

August 2, 1985

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ

ਕੈਨੇਡਾ ਦਰਪਣ

Second Class Mail
Reg. No. 5991

(ਆਨ.) ਚੀਫ ਐਡੀਟਰ: ਦਰਸ਼ਨ ਗਿੱਲ

Weekending AUGUST 2, 1985 Vol.4 No. 30 P.O.BOX 67344 STN. 0 Vancouver, B.C. V5W 3T1 PRICE 35¢ Out of Greater Vancouver 50¢ Phone (604)321-6360

ਸੰਤ ਲੌਂਗੋਵਾਲ ਦਿੱਲੀ ਵਿਚ ਰਾਜੀਵ ਤੇ ਲੌਂਗੋਵਾਲ ਵਿਚਕਾਰ ਗੱਲਬਾਤ ਸ਼ੁਰੂ ਹੋ ਗਈ

ਨਵੀਂ ਦਿੱਲੀ — ਕੱਲ੍ਹ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਦੇ ਸੱਦੇ ਉਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਮੋਰਚਾ ਡਿਕਟੇਟਰ ਸੰਤ ਹਰਚੰਦ ਸਿੰਘ ਦਿੱਲੀ ਪੁਜੇ ਅਤੇ ਦੋਵਾਂ ਨੇਤਾਵਾਂ ਵਿਚਕਾਰ ਅੱਧਾ ਘੰਟਾ ਸਿੱਧੀ ਗੱਲਬਾਤ ਹੋਈ। ਰਾਜਧਾਨੀ ਦੇ ਰਾਜਸੀ ਸੂਤਰਾਂ ਵਿਚ ਇਹ ਖਬਰ ਹੈਰਾਨੀ ਨਾਲ ਸੁਣੀ ਗਈ। ਗੱਲਬਾਤ ਪਿਛੋਂ ਪੱਤਰਕਾਰਾਂ ਨੂੰ ਮਿਲਣ ਉਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਕੋਈ ਵੀ ਟਿਪਣੀ ਕਰਨ ਤੋਂ ਇਨਕਾਰ ਕਰ ਦਿਤਾ ਜਦ ਕਿ ਸਰਕਾਰੀ ਬੁਲਾਰੇ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਜੋ ਖਤ ਪਿਛਲੇ ਹਫਤੇ ਰਾਜੀਵ ਗਾਂਧੀ ਨੂੰ ਲਿਖਿਆ ਸੀ, ਉਸਦੇ ਆਧਾਰ ਉਤੇ ਇਹ ਗਲਬਾਤ ਮੁਮਕਿਨ ਹੋਈ ਹੈ।

ਖਬਰਾਂ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਨੇ ਸੱਤ ਸ਼ਰਤਾਂ ਦੀ ਸੂਚੀ ਪੇਸ਼ ਕੀਤੀ ਸੀ ਜਿਨ੍ਹਾਂ ਵਿਚੋਂ ਪੰਜ ਸ਼ਰਤਾਂ ਪ੍ਰਧਾਨ ਮੰਤਰੀ ਨੇ ਮੰਨ ਲਈਆਂ ਹਨ। ਕੇਵਲ ਦੋ ਮਸਲੇ ਹੁਣ ਸਾਹਮਣੇ ਹਨ। ਫੌਜੀ ਭਗੌੜਿਆਂ ਦੇ ਕੇਸਾਂ ਦੀ ਨਿਪਟਾਈ ਅਤੇ ਦਿੱਲੀ ਦੇ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ।

ਜੋ ਸ਼ਰਤਾਂ ਮੰਨ ਲਈਆਂ ਗਈਆਂ ਹਨ ਉਨ੍ਹਾਂ ਵਿਚ ਬੇਕਸੂਰ ਸਿੱਖਾਂ ਦੀ ਆਮ ਰਿਹਾਈ, ਵਿਸ਼ੇਸ਼ ਅਦਾਲਤਾਂ ਦਾ ਤੋੜੇ ਜਾਣਾ, ਅਨੰਦਪੁਰ ਸਾਹਿਬ ਮਤਾ ਸਰਕਾਰੀਆ ਕਮਿਸ਼ਨ ਹਵਾਲੇ ਕਰਨ ਦੀ ਸਹਿਮਤੀ, ਪੰਜਾਬ ਵਿਚੋਂ ਫੌਜ ਦੀ ਵਾਪਸੀ, ਪੰਜਾਬ ਵਿਚ ਵਿਸ਼ੇਸ਼ ਹਾਲਾਤ ਬਾਰੇ ਕਾਨੂੰਨਾਂ ਦਾ ਖਾਤਮਾ, ਸ਼ਾਮਲ ਹਨ



ਦੋ ਸੀਨੀਅਰ ਅਕਾਲੀ ਵੀ ਸ਼ਾਮਲ

ਖਬਰਾਂ ਅਨੁਸਾਰ ਦੋ ਸੀਨੀਅਰ ਅਕਾਲੀ ਨੇਤਾ ਦੋ ਸੀਨੀਅਰ ਕੇਂਦਰੀ ਵਜ਼ੀਰਾਂ ਨਾਲ ਗਲਬਾਤ ਕਰ ਰਹੇ ਹਨ। ਇਕ ਖਬਰ ਅਨੁਸਾਰ ਸ: ਸੁਰਜੀਤ ਸਿੰਘ ਬਰਨਾਲਾ ਇਸ ਸਮਝੌਤੇ ਦਾ ਕੇਂਦਰੀ ਧੁਰਾ ਹਨ।

ਰਾਜੀਵ ਦੀ ਕੈਬਨਿਟ ਮੀਟਿੰਗ

ਸੰਤ ਲੌਂਗੋਵਾਲ ਨਾਲ ਗੱਲਬਾਤ ਪਿਛੋਂ ਪ੍ਰਧਾਨ ਮੰਤਰੀ ਨੇ ਕੈਬਨਿਟ ਦੀ ਮੀਟਿੰਗ ਬੁਲਾ ਲਈ ਹੈ। ਰਾਜਸੀ ਸੂਤਰਾਂ ਅਨੁਸਾਰ ਸੰਕੇਤ ਇਹ ਹਨ ਕਿ ਅਕਾਲੀ ਅਤੇ ਕੇਂਦਰੀ ਲੀਡਰਾਂ ਵਿਚਕਾਰ ਸਮਝੌਤੇ ਦੀ ਗੱਲ ਹੁਣ ਸਿਰੇ ਚੜ੍ਹ ਜਾਣ ਦੀ ਸੰਭਾਵਨਾਵਾਂ ਹਨ ਕਿਉਂਕਿ ਇਸ ਸਮੇਂ ਪੰਜਾਬ ਵਿਚ ਮੁੱਖ ਤਾਕਤ ਸੰਤ ਲੌਂਗੋਵਾਲ ਦੇ ਹੱਥ ਹੈ। ਜਥੇਦਾਰ ਟੌਹੜਾ ਅਤੇ ਸਾਬਕਾ ਮੁੱਖ ਮੰਤਰੀ ਸ: ਬਾਦਲ ਇਸ ਪੋਜ਼ੀਸ਼ਨ ਵਿਚ ਨਹੀਂ ਹਨ ਕਿ ਉਹ ਸੰਤ ਲੌਂਗੋਵਾਲ ਦੀ ਕੀਤੀ ਗੱਲ ਨੂੰ ਉਲਟਾ ਸਕਣ।

ਵੱਡੇ ਧਮਾਕੇ ਦੀ ਸੰਭਾਵਨਾ?

ਦਿੱਲੀ ਦੇ ਰਾਜਸੀ ਹਲਕਿਆਂ ਵਿਚ ਇਸ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾ ਰਿਹਾ ਕਿ ਪ੍ਰਧਾਨ ਮੰਤਰੀ ਅਤੇ ਸੰਤ ਲੌਂਗੋਵਾਲ ਵਿਚਕਾਰ ਗਲਬਾਤ ਨੂੰ ਤਾਰਪੀਡੋ ਕਰਨ ਲਈ ਕੋਈ ਵੱਡਾ ਧਮਾਕਾ ਹੋਵੇ। ਇਨ੍ਹਾਂ ਰਾਜਸੀ ਹਲਕਿਆਂ ਦਾ ਕਹਿਣਾ ਹੈ ਕਿ ਪਿਛਲੇ ਤਿੰਨ ਸਾਲ ਵਿਚ ਜਦੋਂ ਵੀ ਗਲਬਾਤ ਹੋਣ ਲੱਗੀ ਹੈ, ਉਸ ਸਮੇਂ ਹੀ ਕਤਲਾਂ ਦੀ ਲੜੀ ਸ਼ੁਰੂ ਹੋ ਜਾਂਦੀ ਹੈ।

ਤਿੰਨ ਸਾਲ ਵਿਚ ਪਹਿਲੀ ਮੁਲਾਕਾਤ

ਕੇਂਦਰੀ ਮੁੱਖ ਲੀਡਰਾਂ ਨਾਲ ਸੰਤ ਲੌਂਗੋਵਾਲ ਦੀ ਪਿਛਲੇ ਤਿੰਨ ਸਾਲ ਵਿਚ ਇਹ ਪਹਿਲੀ ਮੁਲਾਕਾਤ ਹੈ। ਮੁਲਾਕਾਤ ਤੋਂ ਪਹਿਲਾਂ ਸੰਤ ਲੌਂਗੋਵਾਲ, ਸੁਰਜੀਤ ਸਿੰਘ ਬਰਨਾਲਾ ਨਾਲ ਵਿਰੋਧੀ ਨੇਤਾਵਾਂ ਨੂੰ ਵੀ ਮਿਲੇ।

ਸੰਖੇਪ ਪਰ ਵਿਸ਼ੇਸ਼

— 21 ਜੁਲਾਈ ਨੂੰ ਹਿੰਸਾਤਮਕ ਘਟਨਾਵਾਂ ਵਿਚ ਅਹਿਮਦਾਬਾਦ ਵਿਚ ਦਸ ਵਿਅਕਤੀ ਮਰੇ — ਨੌਂ ਵਿਅਕਤੀ ਪੁਲਸ ਦੀ ਗੋਲੀ ਨਾਲ ਮਰੇ ਅਤੇ ਇਕ ਦੰਗਿਆਂ ਵਿਚ ਮਰਿਆ।

— ਪੰਜਾਬ ਵਿਚ ਹੜ੍ਹਾਂ ਕਾਰਨ ਤਬਾਹੀ — 21 ਜੁਲਾਈ ਨੂੰ ਪਾਣੀ ਦਾ ਵਹਾਅ ਘਟਿਆ — ਫੌਜੀ ਜਵਾਨ ਲੋਕਾਂ ਦੀ ਮੱਦਦ ਉਤੇ — 57 ਵਿਅਕਤੀ ਪੰਜਾਬ ਅਤੇ ਹਿਮਾਚਲ ਵਿਚ ਹੜ੍ਹਾਂ ਵਿਚ ਰੁੜ੍ਹ ਗਏ —

— ਏਅਰ ਇੰਡੀਆ ਜਹਾਜ਼ ਦਾ ਮਲਬਾ ਆਇਰਲੈਂਡ ਦੇ ਤੱਟ ਨਾਲ ਲੱਗਣਾ ਸ਼ੁਰੂ — ਜਹਾਜ਼ ਦੇ ਟੁਕੜੇ 100 ਕਿਲੋਮੀਟਰ ਦੂਰ ਕੰਢੇ ਨਾਲ ਆ ਲੱਗੇ।

— ਬਿਹਾਰ ਅਤੇ ਬੰਗਾਲ ਵਿਚ ਵੀ ਹੜ੍ਹਾਂ ਕਾਰਨ ਗੰਭੀਰ ਹਾਲਾਤ

— ਦੱਖਣੀ ਅਫਰੀਕਾ ਵਿਚ ਐਮਰਜੈਂਸੀ ਲਾਗੂ — 151 ਵਿਅਕਤੀ ਗ੍ਰਿਫਤਾਰ — ਛੇ ਕਤਲ

— ਗੁਜਰਾਤ ਪੁਲਸ ਦੇ ਡਾਇਰੈਕਟਰ ਜਨਰਲ ਨੂੰ ਮਾਰਨ ਦੀ ਕੋਸ਼ਿਸ਼

ਅੰਦਰ ਪੜ੍ਹੋ :—

- ਪੰਜਾਬ ਦੀ ਸਮੱਸਿਆ ਦਾ ਹੱਲ ਕਿਵੇਂ ਹੋਵੇਗਾ ?
- ਹਰਪਾਲ ਟਿਵਾਣਾ ਨਾਲ ਮੁਲਾਕਾਤ

ਅਖੌਤੀ 'ਖਾਲਿਸਤਾਨ' ਦਾ ਅਖੌਤੀ ਵਜ਼ੀਰ ਉਮਰ ਕੈਦ ਵਿਚ ਬੰਨ੍ਹਿਆ ਗਿਆ

ਲੰਡਨ: ਗ੍ਰੀਨਫੋਰਡ, ਮਿਡਲਸੈਕਸ ਦੇ ਪ੍ਰਸਿਧ ਰੇਪ ਕਤਲ ਕੇਸ ਦਾ ਫੈਸਲਾ 28 ਜੂਨ, ਦਿਨ ਸ਼ੁਕਰਵਾਰ ਠੀਕ 12.00 ਵਜੇ ਸੁਣਾ ਦਿਤਾ ਗਿਆ। ਜਿਸ ਵਿਚ ਖਾਲਿਸਤਾਨ ਕੌਂਸਲ ਦੀ ਬਣਾਈ ਹੋਈ "ਖਾਲਿਸਤਾਨ ਸਰਕਾਰ ਇਨ ਐਗਜ਼ਾਈਲ' ਦਾ ਸਾਬਕਾ ਡੀਫੈਂਸ ਮਨਿਸਟਰ ਅਤੇ ਉਸਦਾ ਸਹੁਰਾ ਹਰਦੇਵ ਸਿੰਘ ਗਰੇਵਾਲ ਉਮਰ ਕੈਦ ਦੀਆਂ ਸਜ਼ਾਵਾਂ ਖਾ ਗਏ।

ਅਦਾਲਤ ਅਗੇ ਕੇਸ ਇਸ ਪ੍ਰਕਾਰ ਦਸਿਆ ਗਿਆ :—

ਦੋ ਭੈਣਾਂ, ਖੇਰਾ ਭਰਾਵਾਂ ਦੇ ਸਨ। ਇਨ੍ਹਾਂ ਦਾ ਪਿਛਲਾ ਪਿੰਡ ਖੇਰਾ ਭੱਟੀਆਂ, ਫਲੌਰ ਨੇੜੇ ਹੈ। ਦੋ ਅਟਵਾਲ ਭਰਾਵਾਂ ਦੇ ਘਰ ਸਨ। ਦੋਹਾਂ ਦਾ ਤਲਾਕ ਹੋ ਗਿਆ ਸੀ। ਦੋ ਹਰਬਖਸ਼ ਸਿੰਘ ਗਿਲ ਨੇ ਆਪਣੇ ਛੋਟੇ ਭਰਾ ਅਤੇ ਭਾਣਜੇ ਨੂੰ ਮੰਗ ਦਿਤੀਆਂ ਸਨ।

ਬ੍ਰਿਟਿਸ਼ ਹਾਈ ਕਮਿਸ਼ਨ ਦਿਲੀ ਨੇ ਅਰਜ਼ੀਆਂ ਇਹ ਕਹਿ ਕੇ ਰੱਦ ਕਰ ਦਿਤੀਆਂ, ਕਿ ਮੁੰਡੇ ਆਪਣੀਆਂ ਮੰਗੇਤਰਾਂ ਨੂੰ ਕਦੀ ਮਿਲੇ ਨਹੀਂ। ਅਪੀਲ ਚਲ ਰਹੀ ਸੀ।

ਖੇਰਾ ਭਰਾ ਜੇਮਰ ਡਰਾਈਵ, ਗ੍ਰੀਨਫੋਰਡ ਰਹਿੰਦੇ ਸਨ। ਕਤਲ ਹੋਣ ਵਾਲਾ ਹਰਬਖਸ਼ ਸਿੰਘ ਗਿਲ ਮਰਚੀਸਨ ਰੋਡ, ਲੇਟਨ (ਲੰਡਨ ਈਸਟ) ਵਿਖੇ ਰਹਿੰਦਾ ਸੀ। ਉਹ ਪਿਛਿਓਂ ਪਿੰਡ ਘੱਲਾਂ (ਮੋਗੇ ਨੇੜੇ) ਦਾ ਵਾਸੀ ਸੀ। ਉਮਰ 31 ਸਾਲ ਸੀ ਉਹਦੀ ਸੱਤ ਸਾਲ ਦੀ ਇਕੋ ਇਕ ਬੱਚੀ ਇੰਡੀਆ ਛੱਡੀ ਹੋਈ ਸੀ, ਤਾਂ ਜੋ ਤੀਵੀਂ ਆਦਮੀ ਦੋਵੇਂ ਕੰਮ ਕਰ ਕੇ ਚੰਗਾ ਪੈਸਾ ਕਮਾ ਸਕਣ।

ਮਕਤੂਲ ਦਾ ਬਾਪ ਅਤੇ ਹਰਦੇਵ ਸਿੰਘ ਗਰੇਵਾਲ ਇੰਡੀਆ ਵਿਚ ਬਹੁਤ ਸਮਾਂ ਸਕੂਲ ਟੀਚਰ ਹੋਣ ਨਾਤੇ ਇਕੱਠੇ ਰਹੇ ਸਨ ਅਤੇ ਦੋਸਤੀ ਏਨੀ ਸੀ ਕਿ ਜਿਸ ਦਿਨ ਮਕਤੂਲ ਪੈਦਾ ਹੋਇਆ, ਉਸੇ ਹੀ ਦਿਨ ਗਰੇਵਾਲ ਨੇ ਆਪਣੀ ਧੀ ਦੇ ਰਿਸ਼ਤੇ ਦਾ ਗਾਨਾ ਉਹਦੇ ਗੁੱਟ ਨੂੰ ਬੰਨ੍ਹ ਦਿਤਾ ਸੀ।

ਹਰਬਖਸ਼ ਗਿਲ ਫੋਰਡ (ਡੇਗਨਹੈਮ) ਕੰਪਨੀ ਵਿਚ ਕੰਮ ਕਰਦਾ ਸੀ, ਬਾਅਦ 'ਚ ਬੱਸ ਡਰਾਈਵਰੀ ਕਰਦਾ ਰਿਹਾ ਅਤੇ ਕਤਲ ਹੋਣ ਸਮੇਂ ਹੀਥਰੋ ਹਵਾਈ ਅੱਡੇ ਨੇੜੇ ਇਕ ਕੰਪਿਊਟਰ ਫਰਮ ਵਿਚ ਕੰਮ ਕਰਦਾ ਸੀ। ਉਸਦੀ ਪਤਨੀ ਸੁਖਪਾਲ ਕੌਰ ਆਈਸ ਕਰੀਮ ਵੇਚਣ ਦਾ ਕੰਮ ਕਰਦੀ ਸੀ।

ਮਕਤੂਲ ਗਿਲ ਨੇ ਜਦੋਂ ਵੇਖਿਆ ਕਿ ਦੋਨੋਂ ਸਾਲੀਆਂ ਲਈ ਉਹਦਾ ਭਾਣਜਾ ਅਤੇ ਭਰਾ ਇੰਡੀਆ ਤੋਂ ਸ਼ਾਇਦ ਆ ਸਕਣ ਅਤੇ ਕੁੜੀਆਂ ਦਾ ਬਾਪ ਵੀ ਧੀਆਂ ਨੂੰ ਕਿਸੇ ਹੋਰ ਥਾਂ ਮੰਗਣ ਦੀ ਵਿਉਂਤ ਬਨਾਉਣ ਲਗ ਪਿਆ ਹੈ ਤਾਂ ਉਸਨੇ ਸਾਊਥਾਲ ਦੇ ਰਹਿਣ ਵਾਲੇ ਅਮਰਦੀਪ ਸਿੰਘ ਖੋਸੇ ਨੂੰ ਆਖਿਆ:

"ਤੂੰ ਸੰਤਪਾਲ ਕੌਰ ਪਿਛੇ ਕਈ ਸਾਲਾਂ ਦਾ ਘੁੰਮਦਾ ਏਂ, ਉਹ ਤੈਨੂੰ ਕੋਈ ਹੱਥ ਪੱਲਾ ਨਹੀਂ ਫੜਾ ਰਹੀ। ਜੇ ਉਸ ਨਾਲ ਵਿਆਹ ਕਰਵਾਉਣਾ ਹੈ ਤਾਂ ਜਾ ਉਹਨੂੰ ਕਾਲਜ ਤੋਂ ਮੇਰੇ ਕੋਲ ਲੈ ਆ, ਮੈਂ ਮਨਾ ਦਿਆਂਗਾ।"

ਸੰਤਪਾਲ ਕੌਰ ਦਾ ਕਥਿਤ ਆਸ਼ਕ ਅਮਰਦੀਪ ਸਿੰਘ ਖੋਸਾ ਖੁਸ਼ ਹੋ ਗਿਆ, ਕਿ ਜਿਸ ਕੁੜੀ ਨੂੰ ਉਹ ਪਿਆਰ ਕਰਦਾ ਸੀ, ਉਸੇ ਨਾਲ ਹੀ ਵਿਆਹ ਦੀ ਗਲ ਤੁਰਨ ਲਗੀ ਹੈ। ਖੋਸੇ ਦੇ ਮਾਪੇ ਕੁੜੀ ਦੇ ਬਾਪ ਗਰੇਵਾਲ ਕੋਲ ਜਾਕੇ ਤਰਲਾ ਕਰ ਆਏ ਸਨ ਕਿ ਕੁੜੀ ਦਾ ਰਿਸ਼ਤਾ ਮੁੰਡੇ ਨੂੰ ਕਰ ਦੇਣ, ਕਿਉਂਕਿ ਉਹ 24 ਘੰਟੇ "ਸੰਤਪਾਲ, ਸੰਤਪਾਲ" ਹੀ ਜਪੀ ਜਾਂਦਾ ਹੈ, ਪਰ ਗਰੇਵਾਲ ਨੇ ਇਹ ਕਹਿ ਕੇ ਇਨਕਾਰ ਕਰ ਦਿਤਾ ਸੀ, ਕਿ ਕੁੜੀ ਇੰਡੀਆ ਮੰਗੀ ਹੋਈ ਹੈ।

ਕਥਿਤ ਆਸ਼ਿਕ ਖੋਸੇ ਨੇ ਮਕਤੂਲ ਹਰਬਖਸ਼ ਸਿੰਘ ਗਿਲ ਦੇ ਮਾਮੇ ਦੇ ਪੁੱਤ ਪ੍ਰਿਤਪਾਲ ਸਿੰਘ ਬਰਾੜ ਨੂੰ ਨਾਲ ਲਿਆ ਅਤੇ ਦੋਹਾਂ ਨੇ ਸੰਤਪਾਲ ਕੌਰ ਗਿਲ ਕੋਲ ਉਹਦੇ ਕੰਮ 'ਤੇ ਪਹੁੰਚਾ ਦਿਤੀ। ਕੁਝ ਕੁ ਘੰਟਿਆਂ ਬਾਅਦ ਚਾਰੇ ਜਣੇ ਏਅਰਪੋਰਟ ਨੇੜੇ 'ਸਕਾਈਪੋਰਟ' ਹੋਟਲ 'ਚ ਚਲੇ ਗਏ, ਜਿਥੇ ਉਨ੍ਹਾਂ ਸ਼ਰਾਬ ਪੀਤੀ।

ਸੰਤਪਾਲ ਕੌਰ ਕਾਲਜ ਤੋਂ ਕਿਉਂਕਿ ਘਰ ਨਹੀਂ ਸੀ ਮੁੜੀ, ਮਾਪਿਆਂ ਨੇ ਪੁਲਸ ਕੋਲ ਰਪਟ ਦਰਜ ਕਰਵਾ ਦਿਤੀ। ਖੋਸੇ ਨੂੰ ਪੁਛਿਆ ਗਿਆ, ਤਾਂ ਉਸ ਨੇ ਦੱਸ ਦਿਤਾ ਕਿ ਗਿਲ ਕੋਲ ਛੱਡ ਆਇਆ ਸੀ।

ਪੁਲਸ ਮਗਰੇ ਲੇਟਨ ਪਹੁੰਚ ਗਈ ਅਤੇ ਕੁੜੀ ਬਰਾਮਦ ਕਰ ਲਈ। ਮਕਤੂਲ ਗਿਲ ਨੇ ਪੁਲਸ ਨੂੰ ਕਿਹਾ ਕਿ ਉਨ੍ਹਾਂ ਦਾ ਘਰੇਲੂ ਝਗੜਾ ਹੈ, ਜਿਸ ਕਰਕੇ ਕੁੜੀ ਰਾਤ ਮਾਪਿਆਂ ਦੇ ਘਰ ਨਹੀਂ ਗਈ। ਕੁੜੀ ਨੇ ਵੀ ਆਖ ਦਿਤਾ ਕਿ ਉਹ ਠੀਕ ਠਾਕ ਹੈ, ਆਪਣੀ ਭੈਣ ਦੇ ਘਰ ਹੀ ਹੈ, ਮਾਪਿਆਂ ਕੋਲ ਸ਼ਾਮ ਤਕ ਚਲੀ ਜਾਵੇਗੀ।

ਸੰਤਪਾਲ ਕੌਰ ਨੇ ਘਰ ਪਹੁੰਚ ਕੇ ਆਪਣੀ ਮਾਂ ਨੂੰ ਸਾਰੀ ਵਿਥਿਆ ਸੁਣਾ ਦਿਤੀ। ਬਾਪ ਨੇ ਫੌਰਨ ਹਰਮਿੰਦਰ ਸਿੰਘ ਖੇਰੇ ਨੂੰ ਮਦਦ ਲਈ ਸੱਦ ਲਿਆ ਅਤੇ ਅੰਗਰੇਜੀ ਵਿਚ ਆਖਿਆ:—

"THAT MAN MUST DIE" ਉਸ ਨੂੰ ਸਮਝਾਇਆ ਗਿਆ ਕਿ ਪੁਲਸ ਕੋਲ ਰੀਪੋਰਟ ਦਰਜ ਕਰਵਾ ਦੇਵੇ, ਪਰ ਉਹ ਇਹ ਕਹਿ ਕੇ ਨਹੀਂ ਮੰਨਿਆਂ ਕਿ ਕੇਸ ਚੱਲ ਪਿਆ, ਤਾਂ ਧੀ ਦਾ ਕਲ੍ਹ ਨੂੰ ਵਿਆਹ ਕਰਨਾ ਔਖਾ ਹੋ ਜਾਵੇਗਾਂ।

ਜੁਲਾਈ 1984 ਦਾ ਗਰਮ ਦਿਨ ਸੀ। ਹਰਮਿੰਦਰ ਸਿੰਘ ਖੇਰੇ ਨੇ ਆਪਣੇ ਇਕ ਮਿਤਰ ਦਰਸ਼ਨ ਸਿੱਧੂ ਨੂੰ ਨਾਲ ਲਿਆ ਅਤੇ ਮਕਤੂਲ ਦੇ ਘਰ ਪਹੁੰਚ ਗਏ।

ਦਰਸ਼ਨ ਸਿੰਘ ਸਿੱਧੂ ਕੌਣ ਸੀ ?

ਇਹ ਬੰਦਾ ਸਾਊਥਾਲ ਅਤੇ ਗ੍ਰੀਨ ਫੋਰਡ ਦੁੱਧ ਵੇਚਣ ਦਾ ਕੰਮ ਕਰਦਾ ਸੀ। ਦੁੱਧ ਢੋਣ ਵਾਲੀ ਵੈਨ ਕਿਸੇ ਕਾਰਣ ਕੰਪਣੀ ਵਾਲੇ ਉਸ ਪਾਸੋਂ ਵਾਪਸ ਲੈ ਗਏ ਸਨ ਅਤੇ ਉਸ ਨੂੰ ਨਵੀਂ ਵੈਨ ਖਰੀਦਣ ਲਈ 3000 ਪੌਂਡ ਦੀ ਲੋੜ ਸੀ। ਨਵੀਂ ਵੈਨ ਖਰੀਦਣ ਤੱਕ ਖੇਰੇ ਨੇ ਆਪਣਾ ਛੋਟਾ ਟਰੱਕ ਉਸ ਨੂੰ ਉਧਾਰਾ ਦੇ ਰੱਖਿਆ ਸੀ ਖੇਰੇ ਦੇ ਕਹਿਣ ਤੇ ਹੀ ਸਿੱਧੂ ਹਰਦੇਵ ਸਿੰਘ ਗਰੇਵਾਲ ਦੇ ਘਰ ਵੀ ਦੁੱਧ ਦੇਣ ਲੱਗ ਪਿਆ ਸੀ।

ਦੋਨੋਂ ਮਕਤੂਲ ਦੇ ਘਰ ਗਏ। ਅਗੋਂ ਉਹਦੀ ਪਤਨੀ ਘਰ ਸੀ, ਜਿਸਨੇ ਆਖਿਆ ਕਿ ਉਪਰਲੇ ਕਮਰੇ ਵਿਚ ਚਲੇ ਜਾਣ ਅਤੇ ਫਰੋਲਾ ਫਰਾਲੀ ਕਰਕੇ ਫੋਟੋਆਂ ਲਭ ਲੈਣ। ਏਨੀ ਦੇਰ ਨੂੰ ਮਕਤੂਲ ਗਿਲ ਘਰ ਆ ਗਿਆ। ਰੋਟੀ ਖਾ ਕੇ ਜਦੋਂ ਉਹ ਉਪਰਲੇ ਕਮਰੇ ਵਿਚ ਗਿਆ ਤਾਂ ਕਤਲ ਹੋ ਗਿਆ। ਪਤਨੀ ਨੇ ਉਕਾ ਨਾ ਦਸਿਆ, ਕਿ ਦੋ ਬੰਦੇ ਉਪਰਲੇ ਕਮਰੇ ਵਿਚ ਬੈਠੇ ਉਹਦੀ ਇੰਤਜ਼ਾਰ ਕਰ ਰਹੇ ਹਨ।



ਖੇਰੇ ਨੇ ਲਾਸ਼ ਮਕਤੂਲ ਦੀ ਕਾਰ ਵਿਚ ਲੱਦੀ ਅਤੇ ਸਾਰਾ ਲੰਡਨ ਪਾਰ ਕਰਕੇ ਸਲੋਅ ਨੇੜੇ (Willetts Lake Denham) ਵਿਲਟਸ ਲੇਨ, ਡੇਨਹਾਮ ਲੈ ਗਿਆ। ਲਾਸ਼ ਨੂੰ ਪਟਰੌਲ ਛਿੜਕ ਕੇ ਅਗ ਲਾ ਦਿਤੀ, ਜਿਸ ਨਾਲ ਉਹ ਏਨੀ ਝੁਲਸ ਗਈ ਕਿ ਮੂੰਹ ਬੇਪਹਿਚਾਨ ਹੋ ਗਿਆ ਅਤੇ ਛਾਤੀ ਤੇ ਮਾਰੇ ਹੋਏ ਚਾਕੂਆਂ ਦੇ ਨਿਸ਼ਾਨ ਖਤਮ ਹੋ ਗਏ। . . . . . . , ਸੜਦੀ ਲਾਸ਼ ਤਾਂ ਪੁਲਸ ਦੇ ਹਥ ਲਗ ਗਈ, ਪਰ ਕਾਰ ਦਾ ਅਜ ਤਕ ਪਤਾ ਨਹੀਂ ਲਗਾ ਕਿ ਕਿਥੇ ਗਈ।

ਮਕਤੂਲ ਦੀ ਪਤਨੀ ਸੁਖਪਾਲ ਕੌਰ ਖੂਨ ਨਾਲ ਭਰਿਆ ਬੈਡਰੂਮ ਦੇਖ ਕੇ ਏਨੀ ਘਬਰਾ ਗਈ ਕਿ ਉਸਨੇ ਮਕਾਨ ਨੂੰ ਜੰਦਰਾ ਮਾਰਿਆ ਅਤੇ ਆਪਣੇ ਬਾਪ ਦੇ ਘਰ ਭਜ ਗਈ। ਬਾਪ ਨੇ ਦੂਜੇ ਦਿਨ ਇਹ ਕਹਿ ਕੇ ਲੇਟਨ ਭੇਜ ਦਿਤੀ ਕਿ ਜੇ ਉਸਨੇ ਆਈਸ ਕਰੀਮ ਨਾ ਵੇਚੀ ਤਾਂ ਲੋਕਾਂ ਨੇ ਸ਼ੱਕ ਕਰਨੀ ਹੈ। ਉਹ ਵੈਨ ਲੈ ਕੇ ਆਈਸ ਕਰੀਮ ਤਾਂ ਵੇਚਣ ਲਗ ਪਈ ਪਰ ਧਿਆਨ ਕਿਸੇ ਹੋਰ ਪਾਸੇ ਹੋਣ ਕਰਕੇ, ਕੋਈ ਗਾਹਕ ਆਈਸ ਕਰੀਮ ਮੰਗਦਾ, ਤਾਂ ਫੜਾ ਲੋਲੀ ਦਿੰਦੀ। ਉਸ ਸ਼ਾਮ ਵੀ ਉਹ ਘਰ ਦਾ ਬੂਹਾ ਨਾ ਖੋਹਲ ਸਕੀ ਅਤੇ ਬਾਪ ਦੇ ਘਰ ਆ ਗਈ।

ਖੇਰੇ ਹੁਰੀਂ ਸੋਚਿਆ, ਕਿ ਲਹੂ ਨਾਲ ਭਿਜੇ ਮਕਾਨ ਤੋਂ ਛੁਟਕਾਰਾ ਪਾਉਣ ਦਾ ਇਕੋ ਇਕ ਹਲ ਹੈ, ਕਿ ਮਕਾਨ ਨੂੰ ਹੀ ਅਗ ਲਾ ਦਿਤੀ ਜਾਵੇ। ਉਸੇ ਰਾਤ ਉਹ ਗਿਆ ਅਤੇ ਪਟਰੌਲ ਛਿੜਕ ਕੇ ਅਗ ਲਾ ਦਿਤੀ

ਪੁਲਸ ਨੇ ਫੌਰਨ ਸੋਚ ਲਿਆ ਕਿ ਇਕ ਦਿਨ ਪਹਿਲਾਂ ਲਾਸ਼ ਅਤੇ ਦੂਜੇ ਦਿਨ ਮਕਾਨ ਨੂੰ ਅੱਗ — ਗੱਲਾਂ ਰਲਦੀਆਂ ਹਨ।

ਪੁਲਸ ਨੇ ਬਾਪ ਗਰੇਵਾਲ, ਜੁਆਈ ਹਰਮਿੰਦਰ ਸਿੰਘ ਖੇਰਾ, ਦਰਸ਼ਨ ਸਿੰਘ ਸਿੱਧੂ ਅਤੇ ਸੁਖਪਾਲ ਕੌਰ ਚਾਰੋਂ ਗ੍ਰਿਫਤਾਰ ਕਰ ਲਏ।

ਪੁਲਸ ਸਟੇਟਮੈਂਨ ਵਿਚ ਖੇਰੇ ਨੇ ਮੰਨ ਲਿਆ, ਕਿ ਕਤਲ ਉਸਨੇ ਕੀਤਾ ਹੈ, ਮਕਾਨ ਨੂੰ ਅੱਗ ਉਸਨੇ ਲਾਈ ਹੈ।

ਪੁਲਸ ਕੋਲ ਦਰਸ਼ਨ ਸਿੰਘ ਸਿੱਧੂ ਨੇ ਮੰਨ ਲਿਆ, ਕਿ ਖੇਰੇ ਨਾਲ ਕਤਲ ਕਰਨ ਉਹ ਗਿਆ ਸੀ। ਪਰ ਜਦੋਂ ਕੇਸ ਅਦਾਲਤ ਵਿਚ ਚਲਿਆ ਤਾਂ ਚਾਰੋਂ ਮੁਕਰ ਗਏ, ਕਿ ਕਤਲ ਉਹਨਾਂ ਨੇ ਕੀਤਾ ਹੈ।

ਹਰਮਿੰਦਰ ਸਿੰਘ ਖੇਰੇ ਦੇ ਬਿਆਨ ਸਨ, ਕਿ ਉਹ ਫੋਟੋਆਂ ਲੈਣ ਜ਼ਰੂਰ ਗਿਆ ਸੀ। ਉਹਦੇ ਨਾਲ ਦਰਸ਼ਨ ਸਿੰਘ ਸਿੱਧੂ ਸੀ। ਉਹ ਇਕ ਕਮਰੇ ਵਿਚ ਫਰੋਲਾ ਫਰਾਲੀ ਕਰ ਰਿਹਾ ਸੀ, ਕਿ ਨਾਲ ਦੇ ਕਮਰੇ ਵਿਚ ਕਿਸੇ ਬੰਦੇ ਦੇ ਧੜਾਮ ਕਰ ਕੇ ਡਿੱਗਣ ਦੀ ਆਵਾਜ਼ ਆਈ। ਭਜ ਕੇ ਵੇਖਣ ਗਿਆ, ਤਾਂ ਉਹ ਕਤਲ ਹੋਇਆ ਪਿਆ ਸੀ ਅਤੇ ਉਹਦੇ ਨੇੜੇ ਚਾਕੂ ਲੈ ਕੇ ਦਰਸ਼ਨ ਸਿੰਘ ਸਿੱਧੂ ਖੜੋਤਾ ਸੀ। ਸੋ ਉਸਨੇ ਨਾ ਕਤਲ ਕੀਤਾ, ਨਾ ਮਕਾਨ ਨੂੰ ਅਗ ਲਾਈ ਅਤੇ ਨਾ ਹੀ ਲਾਸ਼ ਨੂੰ ਖੁਰਦ ਬੁਰਦ ਕਰਨ ਦੀ ਕੋਸ਼ਿਸ਼ ਕੀਤੀ।

ਦਰਸ਼ਨ ਸਿੰਘ ਸਿੱਧੂ ਦੇ ਅਦਾਲਤ ਸਾਹਵੇਂ ਬਿਆਨ ਸਨ, ਕਿ ਉਹ ਖੇਰੇ ਨਾਲ ਉਕਾ ਹੀ ਕਿਧਰੇ ਨਹੀਂ ਗਿਆ ਅਤੇ ਨਾ ਹੀ ਕਤਲ ਵਿਚ ਉਹਦਾ ਹੱਥ ਹੈ। ਜਦੋਂ ਸਰਕਾਰੀ ਵਕੀਲ ਨੇ ਪੁਛਿਆ ਕਿ ਕਤਲ ਤੋਂ ਚਾਰ ਦਿਨ ਬਾਅਦ ਖੇਰੇ ਨੇ ਆਪਣੇ ਬੈਂਕ ਖਾਤੇ 'ਚੋਂ 3000 ਪੌਂਡ ਦੀ ਨਵੀਂ ਵੈਨ ਖਰੀਦੀ। ਕੀ ਤੂੰ ਪੈਸੇ ਦੇ ਲਾਲਚ ਵਿਚ ਕਤਲ ਦਾ ਭਾਈਵਾਲ ਨਹੀਂ ਬਣਿਆ ?

"ਪੈਸੇ ਮੈਂ ਕਰਜ਼ ਲਏ ਸਨ। ਜੇ ਕਤਲ ਖਾਤਰ ਲੈਣੇ ਹੁੰਦੇ ਤਾਂ ਕਤਲ ਤੋਂ ਪਹਿਲੋਂ ਲੈਣੇ ਸਨ ਨਾ ਕਿ ਬਾਅਦ ਵਿਚ।"

ਉਸਨੇ ਕਿਹਾ ਕਿ ਉਸਨੂੰ ਅੰਗਰੇਜ਼ੀ ਨਾ ਪੜਨੀ ਆਉਂਦੀ ਹੈ, ਨਾ ਲਿਖਣੀ, ਇਸ ਲਈ ਕਿਸੇ ਵੀ ਪੁਲਸ ਸਟੇਟਮੈਂਟ ਉਤੇ ਉਸਦੇ ਦਸਖਤ ਨਹੀਂ।

ਮਿਸ਼ਜ਼ ਸੁਖਪਾਲ ਕੌਰ ਉਤੇ ਪੁਲਸ ਦਾ ਦੋਸ਼ ਸੀ, ਕਿ ਜਦੋਂ ਉਸਨੂੰ ਪਤਾ ਸੀ ਕਿ ਬੰਦੇ ਕਤਲ ਕਰਨ ਖਾਤਰ ਉਪਰਲੇ ਕਮਰੇ ਵਿਚ ਬੈਠੇ ਹਨ, ਤਾਂ ਉਸਨੇ ਆਪਣੇ ਪਤੀ ਨੂੰ ਕਿਉਂ ਨਾ ਦਸਿਆ ਇਸ ਲਈ ਕਤਲ ਵਿਚ ਉਸ ਦਾ ਵੀ ਇਰਾਦਾ ਅਤੇ ਹਥ ਹੈ।

ਮਿਸ਼ਜ਼ ਸੁਖਪਾਲ ਕੌਰ ਦਾ ਕਹਿਣਾ ਸੀ ਕਿ ਖੇਰੇ ਅਤੇ ਉਹਦੇ ਸਾਥੀ ਨੂੰ ਮੈਂ ਆਖਿਆ ਸੀ, ਕਿ ਪਤੀ ਦੇ ਆਉਣ ਤੋਂ ਪਹਿਲੋਂ ਪਹਿਲੋਂ ਘਰੋਂ ਚਲੇ ਜਾਣ, ਫੋਟੋਆਂ ਮਿਲਣ ਭਾਵੇਂ ਨਾ। ਦੋਹਾਂ ਨੇ ਵਾਅਦਾ ਕੀਤਾ ਸੀ, ਕਿ ਚਲੇ ਜਾਣਗੇ ਪਰ ਉਹ ਗਏ ਨਹੀਂ। ਉਸਨੂੰ ਉਕਾ ਹੀ ਨਹੀਂ ਪਤਾ ਕਿ ਉਹ ਕਤਲ ਕਰਨ ਦੇ ਇਰਾਦੇ ਨਾਲ ਆਏ ਸਨ। ਜੀਜਾ ਹੋਣ ਦੇ ਨਾਤੇ ਉਹ ਪਹਿਲਾਂ ਵੀ ਤਾਂ ਘਰ ਆਉਂਦਾ ਜਾਂਦਾ ਸੀ। "ਮੈਂ ਕਤਲ ਵਿਚ ਕੋਈ ਪਾਰਟ ਪਲੇ ਨਹੀਂ ਕੀਤਾ।"

ਹਰਦੇਵ ਸਿੰਘ ਗਰੇਵਾਲ ਉਤੇ ਪੁਲਸ ਦਾ ਦੋਸ਼ ਸੀ, ਕਿ ਕਤਲ ਉਸ ਦੇ ਕਹਿਣ ਤੇ ਹੋਇਆ ਅਤੇ ਜਦੋਂ ਹੋ ਗਿਆ ਤਾਂ ਖੇਰੇ ਨੇ ਉਸਨੂੰ ਟੈਲੀਫੋਨ ਕੀਤਾ ਕਿ 'ਕੰਮ ਹੋ ਗਿਆ ਹੈ' ਆਕੇ ਲਾਸ਼ ਖੁਰਦ ਬੁਰਦ ਕਰਵਾ ਦੇਵੇ। ਸੋ ਉਹ ਲਾਸ਼ ਖੁਰਦ ਬੁਰਦ ਕਰਾਉਣ ਲੇਟਨ ਗਿਆ।

ਕੇਸ ਚਾਰ ਹਫਤੇ ਚਲਿਆ। ਜਿਊਰੀ ਨੇ 27 ਘੰਟੇ 20 ਮਿੰਟ ਫੈਸਲੇ ਉਤੇ ਲਗਾਏ। ਹਰਮਿੰਦਰ ਸਿੰਘ ਖੇਰਾ ਅਤੇ ਉਹਦੇ ਸਹੁਰੇ ਗਰੇਵਾਲ ਨੂੰ ਕਤਲ ਦੇ ਦੋਸ਼ੀ ਕਰਾਰ ਦਿਤਾ ਗਿਆ। ਦਰਸ਼ਨ ਸਿੰਘ ਸਿੱਧੂ ਅਤੇ ਮਿਸ਼ਜ ਸੁਖਪਾਲ ਕੌਰ ਗਿਲ ਨੂੰ ਬਰੀ ਕਰ ਦਿਤਾ ਗਿਆ।

ਮਿਸ਼ਜ਼ ਸੁਖਪਾਲ ਕੌਰ ਗਿਲ ਅਤੇ ਉਸਦੇ ਬਾਪ ਗਰੇਵਾਲ ਦੀ ਵਕਾਲਤ ਇੰਗਲੈਂਡ ਦੇ ਪ੍ਰਸਿਧ ਪੰਜਾਬੀ ਬਾਰੈਸਟਰਾਂ ਸ. ਹਰਜੀਤ ਸਿੰਘ ਅਤੇ ਮਲੂਕ ਸਿੰਘ ਚੂਹਾਨ ਨੇ ਕੀਤੀ।

ਹਰਮਿੰਦਰ ਸਿੰਘ ਖੇਰੇ ਦਾ ਵਕੀਲ ਮਿ. ਕਰੌਫਟ ਕੇਊ. ਸੀ. ਅਤੇ ਸਿੱਧੂ ਦਾ ਵਕੀਲ ਮਿ. ਬਾਊਲੇ ਕੇਊ. ਸੀ. ਸਨ।

ਵਕੀਲਾਂ ਦਾ ਵਿਚਾਰ ਹੈ, ਕਿ ਗਰੇਵਾਲ ਨੂੰ ਦੋ ਤਿੰਨਾਂ ਸਾਲਾਂ ਬਾਅਦ ਪੈਰੋਲ ਤੇ ਰਿਹਾਈ ਮਿਲ ਜਾਵੇਗੀ ਅਤੇ ਖੇਰੇ ਨੂੰ ਘੱਟੋ ਘੱਟ ਪੰਜ ਸਾਲ ਜ਼ਰੂਰ ਕੱਟਣੇ ਪੈਣਗੇ। ਆਮ ਤੌਰ ਤੇ ਉਮਰ ਕੈਦੀ ਨੂੰ ਅੱਠ ਸਾਲ ਪੂਰੇ ਕਰਨੇ ਪੈਂਦੇ ਹਨ ਅਤੇ ਜੋ ਜੱਜ ਘੱਟੋ ਘੱਟ ਸਾਲਾਂ ਦਾ ਫੈਸਲੇ ਵਿਚ ਵੇਰਵਾ ਲਿਖ ਦੇਵੇ, ਤਾਂ ਓਨੇ ਪੂਰੇ ਕਰਨੇ ਜ਼ਰੂਰੀ ਹੋ ਜਾਂਦੇ ਹਨ।

ਹਰਮਿੰਦਰ ਸਿੰਘ ਖੇਰੇ ਵਲੋਂ ਜਿਹਲ 'ਚ ਭੁੱਖ-ਹੜਤਾਲ

ਵੈਨਚੈਸਟਰ: ਸਾਊਥੈਂਪਟਨ ਨੇੜੇ ਸਥਿਤ ਵੈਨਚੈਸਟਰ ਜਿਹਲ ਵਿਚ ਹਰਮਿੰਦਰ ਸਿੰਘ ਖੇਰਾ ਨੇ ਕੇਸ ਦਾ ਫੈਸਲਾ ਸੁਣਨ ਬਾਅਦ ਭੁਖ ਹੜਤਾਲ ਕਰ ਦਿਤੀ ਅਤੇ ਆਖਿਆ ਕਿ ਜਦੋਂ ਤੱਕ ਉਹਦੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ, ਉਹ ਹੜਤਾਲ ਨਹੀਂ ਤੋੜੇਗਾ।

28 ਅਤੇ 29 ਜੂਨ ਉਸ ਨੇ ਕੇਵਲ ਫੋਕੇ ਪਾਣੀ ਤੇ ਗੁਜ਼ਾਰਾ ਕੀਤਾ। 30 ਜੂਨ ਨੂੰ ਉਸ ਨੂੰ ਦੁਧ ਦਾ ਇਕ ਕੱਪ ਅਤੇ ਇਕ ਜੁਲਾਈ ਨੂੰ ਦੁਧ ਦੇ ਦੋ ਕੱਪ ਦਿਤੇ ਗਏ। ਦੋ ਜੁਲਾਈ ਨੂੰ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਹੈਡ ਗਰੰਥੀ ਗਿ. ਪਰੀਤਮ ਸਿੰਘ ਨੂੰ ਜਿਹਲ ਦੇ ਅਧਿਕਾਰੀਆਂ ਨੇ ਬੁਲਾਇਆ, ਤਾਂ ਜੋ ਮੰਗਾਂ ਸਬੰਧੀ ਸਪਸ਼ਟੀਕਰਨ ਹੋ ਸਕੇ।

ਮੰਗਾਂ ਸਨ ਕਿ ਉਸ ਨੂੰ ਖੁਦ ਖਾਣਾ ਬਣਾਉਣ ਦੀ ਆਗਿਆ ਦਿਤੀ ਜਾਵੇ, ਕਿਉਂਕਿ ਅੰਮ੍ਰਿਤਧਾਰੀ ਹੋਣ ਨਾਤੇ ਉਹ ਦੂਜੇ ਬਰਤਣਾ ਵਿਚ ਬਣਿਆ, ਜਾਂ ਮੀਟ ਵਾਲਾ ਖਾਣਾ ਨਹੀਂ ਖਾ ਸਕਦਾ। ਦੂਜੇ ਉਸ ਨੂੰ ਹਫਤੇ ਬਾਅਦ ਇਸ਼ਨਾਨ ਦੀ ਬਜਾਏ ਰੋਜ਼ਾਨਾ ਇਸ਼ਨਾਨ ਦੀ ਆਗਿਆ ਹੋਵੇ। ਤੀਜੇ ਉਸ ਦੇ ਸਿਰੋਂ ਪੱਗ ਨਾ ਲੁਹਾਈ ਜਾਵੇ ਅਤੇ ਧਾਰਮਿਕ ਪੁਸਤਕਾਂ ਪੜ੍ਹਨ ਦੀ ਸਹੂਲਤ ਦਿਤੀ ਜਾਵੇ।

ਗਿ. ਪਰੀਤਮ ਸਿੰਘ ਨੂੰ ਜਿਹਲ ਅਧਿਕਾਰੀਆਂ ਨੇ ਕਿਹਾ, ਕਿ ਮੁਸਲਮਾਨਾਂ ਨੂੰ ਉਹ ਇਕ ਲੋਟਾ ਪਾਣੀ ਰੋਜ਼ਾਨਾ ਦਿੰਦੇ ਹਨ, ਇਸੇ ਤਰ੍ਹਾਂ ਖੇਰੇ ਨੂੰ ਵੀ ਇਕ ਲੋਟਾ ਦੇ ਦਿਆ ਕਰਨਗੇ। ਗਿਆਨੀ ਹੁਰੀਂ ਸਮਝਾਇਆ ਕਿ ਇਸਲਾਮ ਵਿਚ ਲੋਟੇ ਦੇ ਪਾਣੀ ਨਾਲ ਵੁਜ਼ੂ ਕਾਫੀ ਹੈ, ਪਰ ਸਿੱਖ ਧਰਮ ਰੋਜ਼ਾਨਾ ਇਸ਼ਨਾਨ ਦਾ ਧਾਰਨੀ ਹੈ। ਵੱਖ ਵੱਖ ਨਸਲਾਂ ਦੇ ਲੋਕ ਆਪੋ ਆਪਣੇ ਦੇਸ਼ਾਂ ਦਾ ਖਾਣਾ ਮੰਗਦੇ ਹਨ, ਜੋ ਸੰਭਵ ਨਹੀਂ, ਪਰ ਗਿਆਨੀ ਹੋਰਾਂ ਦਾ ਜ਼ੋਰ ਪਾਉਣ ਤੇ ਉਹ ਮੰਨ ਗਏ ਕਿ ਵੈਸ਼ਨੂੰ ਭੋਜਨ ਦੇ ਦਿਆ ਕਰਨਗੇ।

ਪੱਗ, ਜੋ ਗਿਆਨੀ ਹੁਰੀਂ ਆਪਣੇ ਨਾਲ ਲੈ ਗਏ ਸੀ, ਦੀ ਆਗਿਆ ਵੀ ਮਿਲ ਗਈ ਅਤੇ ਧਾਰਮਿਕ ਗਰੰਥਾਂ ਦੀ ਵੀ ਆਗਿਆ ਦੇ ਦਿਤੀ ਗਈ। ਖੇਰੇ ਨੇ ਭੁਖ ਹੜਤਾਲ ਤੋੜ ਦਿਤੀ।

ਗਿ. ਪਰੀਤਮ ਸਿੰਘ ਨੇ ਖੇਰੇ ਨੂੰ ਵੀ ਸਮਝਾਇਆ ਕਿ ਇਹ ਜਿਹਲ ਹੈ, ਸਹੁਰਾ ਘਰ ਨਹੀਂ।

ਏਅਰ ਇੰਡੀਆ ਜਹਾਜ਼ ਦੁਰਘਟਨਾ ਪਿਛੇ ਇੰਨਸ਼ੋਰੈਂਸ ਦਾ ਫ਼ਰਾਡ?

ਵੈਨਕੂਵਰ — 'ਪ੍ਰੋਵਿੰਨਸ' ਅਖਬਾਰ ਨੇ 21 ਜੁਲਾਈ, 1985 ਦੇ ਅਖਬਾਰ ਵਿਚ ਸੁਰਖੀ ਦਿਤੀ ਹੈ ਕਿ ਪੁਲੀਸ ਨੂੰ ਪਤਾ ਲੱਗਿਆ ਹੈ ਏਅਰ ਇੰਡੀਆ ਜਹਾਜ਼ ਨੂੰ ਬੰਬ ਧਮਾਕੇ ਦਾ ਸ਼ਿਕਾਰ ਇਸ ਲਈ ਬਣਾਇਆ ਗਿਆ ਤਾਕਿ ਇੰਨਸ਼ੋਰੈਂਸ ਵਸੂਲ ਕੀਤੀ ਜਾਵੇ।

ਯਾਦ ਰਹੇ ਇਸ ਜਹਾਜ਼ ਦੁਰਘਟਨਾ ਵਿਚ 329 ਮੁਸਾਫਰ ਮਰੇ ਹਨ। ਵੈਨਕੂਵਰ ਦੇ ਖੁਫੀਆ ਵਿਭਾਗ ਦਾ ਹਵਾਲਾ ਦਿੰਦਿਆਂ ਅਖਬਾਰ ਨੇ ਲਿਖਿਆ ਹੈ ਕਿ ਖੁਫੀਆ ਵਿਭਾਗ ਮ੍ਰਿਤਕਾਂ ਦੀਆਂ ਇੰਨਸ਼ੋਰੈਂਸ ਪਾਲਸੀਆਂ ਦੇ 'ਬੈਨੀਫੀਸ਼ੀਅਰੀਜ਼' ਦੀ ਲਿਸਟ ਚੈੱਕ ਕਰ ਰਿਹਾ ਹੈ।

ਅਖਬਾਰ ਦੇ ਲਿਖਣ ਮੁਤਾਬਿਕ 'ਲੋਅਰ ਮੇਨਲੈਂਡ ਦੀ ਈਸਟ ਇੰਡੀਅਨ ਕਮਿਊਨਿਟੀ ਵਿਚੋਂ ਸੂਚਨਾ ਮਿਲੀ ਹੈ ਕਿ ਇਹ ਸੰਭਾਵਤ ਤੌਰ ਤੇ ਬੀਮੇ ਦਾ ਫਰਾਡ ਹੈ।

ਅਖਬਾਰ ਨੇ ਲਿਖਿਆ ਹੈ ਕਿ ਪੁਲਸ, 23 ਜੂਨ ਨੂੰ ਹੋਈ ਏਅਰ ਇੰਡੀਆ ਜਹਾਜ਼ ਦੀ ਦੁਰਘਟਨਾ ਅਤੇ ਸੀ. ਪੀ. ਏਅਰ ਹਾਦਸਾ ਜਿਸ ਵਿਚ ਦੋ ਜਾਪਾਨੀ ਕਾਮੇ ਮਾਰੇ ਗਏ ਸਨ, ਬਾਰੇ ਗਲਬਾਤ ਕਰਨ ਨੂੰ ਤਿਆਰ ਨਹੀਂ।

ਇਕ ਹੋਰ ਪੁਲਸ ਸੂਤਰ ਅਨੁਸਾਰ ਕਿ ਹੋ ਸਕਦਾ ਹੈ ਕਿ ਇੰਨਸ਼ੋਰੈਂਸ ਫਰਾਡ ਦੀ ਗੱਲ ਕਰਕੇ ਕੁਝ ਲੋਕ ਅਸਲੀ ਦੋਸ਼ੀਆਂ ਨੂੰ ਲੁਕਾਉਣ ਦਾ ਯਤਨ ਕਰ ਰਹੇ ਹੋਣ, ਇਹ ਵੀ ਕਾਰਨ ਹੋ ਸਕਦਾ ਹੈ।

ਅਖਬਾਰ ਨੇ ਲਿਖਿਆ ਹੈ ਕਿ ਪਹਿਲਾਂ ਸ਼ੱਕ ਦਹਿਸ਼ਤਪਸੰਦਾਂ ਦੇ ਉਤੇ ਹੀ ਹੈ ਅਤੇ ਪੁਲਸ ਇਸੇ ਥਿਊਰੀ ਉਤੇ ਕੰਮ ਕਰ ਰਹੀ ਹੈ।

ਸਤਲੁਜ ਦਰਿਆ ਦੇ ਕੰਢੇ ਤੋਂ ਬੈਂਕ ਮੈਨੇਜਰ ਦੀ ਲਾਸ਼ ਮਿਲੀ

ਲੁਧਿਆਣਾ: ਲੁਧਿਆਣਾ ਪੁਲੀਸ ਨੇ ਤਿੰਨ ਬਿਹਾਰੀ ਮਜ਼ਦੂਰਾਂ ਦੇ ਕਤਲ ਦੇ ਸਬੰਧ ਵਿਚ ਇਕ ਕਥਿਤ ਦਹਿਸ਼ਤਪ੍ਰਸਤ ਪਰਸ਼ੋਤਮ ਸਿੰਘ ਉਰਫ ਕਾਲਾ ਨੂੰ ਗ੍ਰਿਫਤਾਰ ਕੀਤਾ ਹੈ। ਚੇਤੇ ਰਹੇ ਕਿ ਤਿੰਨ ਬਿਹਾਰੀ ਮਜ਼ਦੂਰਾਂ ਨੂੰ ਮਈ ਦੇ ਮਹੀਨੇ ਲੁਧਿਆਣਾ-ਜਲੰਧਰ ਬਾਈਪਾਸ ਉਤੇ ਸੁਜਾਦਪੁਰ ਨੇੜੇ ਗੋਲੀ ਮਾਰ ਕੇ ਹਲਾਕ ਕਰ ਦਿਤਾ ਗਿਆ ਸੀ।

ਪਰਸ਼ੋਤਮ ਸਿੰਘ ਜੋ ਅਸਲ ਵਿਚ ਗੁਰਦਾਸਪੁਰ ਜ਼ਿਲੇ ਦੇ ਵਾਸੀ ਸੀ ਇਥੇ ਕਾਸਾਬਾਦ ਪਿੰਡ ਵਿਚ ਰਹਿੰਦਾ ਹੈ ਅਤੇ ਬਸਤੀ ਜੋਧੇਵਾਲ ਨੇੜੇ ਮੋਟਰ ਮਕੈਨਿਕ ਵਜੋਂ ਕੰਮ ਕਰਦਾ ਹੈ।

ਦਸਿਆ ਗਿਆ ਹੈ ਕਿ ਪੁਲੀਸ ਵਲੋਂ ਪੁਛਗਿਛ ਦੌਰਾਨ ਪਰਸ਼ੋਤਮ ਸਿੰਘ ਨੇ ਇਹ ਮੰਨਿਆ ਕਿ ਉਨ੍ਹਾਂ ਨੇ ਲੁਧਿਆਣਾ ਦੇ ਇਕ ਪੁਲੀਸ ਕੰਸਟੇਬਲ ਹਰਜੀਤ ਸਿੰਘ ਅਤੇ ਆਂਧਰਾ ਬੈਂਕ ਚੰਡੀਗੜ੍ਹ ਦੇ ਮੈਨੇਜਰ ਰਤਨ ਸਿੰਘ ਨੂੰ ਮਈ ਦੇ ਮਹੀਨੇ ਕਤਲ ਕੀਤਾ ਅਤੇ ਉਨ੍ਹਾ ਦੀਆਂ ਲਾਸ਼ਾਂ ਕਾਂਸਾਬਾਦ ਨੇੜੇ ਸਤਲੁਜ ਦਰਿਆ 'ਚ ਸੁੱਟ ਦਿਤੀਆਂ। ਪਰਸ਼ੋਤਮ ਸਿੰਘ ਦੇ ਦੱਸਦ 'ਤੇ ਰਤਨ ਸਿੰਘ ਦੀ ਲਾਸ਼ ਦਰਿਆ ਦੇ ਕੰਢੇ ਤੋਂ ਪੁਲੀਸ ਨੇ ਬਰਾਮਦ ਕਰ ਲਈ ਪਰ ਹਰਜੀਤ ਸਿੰਘ ਦੀ ਲਾਸ਼ ਪਾਣੀ ਦੇ ਤੇਜ ਵਹਾ ਹੋਣ ਕਾਰਨ ਬਰਾਮਦ ਨਹੀਂ ਹੋ ਸਕੀ।

ਹਰਜੀਤ ਸਿੰਘ ਲੁਧਿਆਣਾ ਦੇ ਐਸ. ਐਸ. ਪੀ. ਦੇ ਦਫਤਰ ਵਿਚ ਪੁਲੀਸ ਕੰਸਟੇਬਲ ਲੱਗਾ ਸੀ ਤੇ ਦੁਰੇਸੀ ਬੰਬ ਕੇਸ ਦੇ ਸਬੰਧ ਵਿਚ ਪੁਲੀਸ ਨੂੰ ਉਸ ਦੀ ਭਾਲ ਸੀ। 28 ਅਪਰੈਲ ਨੂੰ ਭਾਜਪਾ ਦੇ ਜਲਸੇ ਤੋਂ ਪਿਛੋਂ ਇਕ ਇਕ ਬੰਬ ਫਟਣ ਨਾਲ ਇਕ ਮੁੰਡੇ ਦੀ ਮੌਤ ਹੋ ਗਈ ਸੀ ਅਤੇ ਮੁੰਡੇ ਦੀ ਮੌਤ ਹੋ ਗਈ ਸੀ ਅਤੇ ਮੁੰਡੇ ਦਾ ਛੋਟਾ ਭਰਾ ਜ਼ਖਮੀ ਹੋ ਗਿਆ ਸੀ। ਰਾਜ ਸਰਕਾਰ ਨੇ ਹਰਜੀਤ ਸਿੰਘ ਦੀ ਗ੍ਰਿਫਤਾਰੀ ਲਈ ਦਸ ਹਜ਼ਾਰ ਰੁਪਏ ਇਨਾਮ ਰਖਿਆ ਸੀ।

ਪੁਲੀਸ ਇਹ ਜਾਨਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਹਰਜੀਤ ਸਿੰਘ ਅਤੇ ਰਤਨ ਸਿੰਘ ਨੂੰ ਕਿਉਂ ਮਾਰਿਆ ਗਿਆ? ਇਸ ਸਬੰਧੀ ਹੋਰ ਗ੍ਰਿਫਤਾਰੀਆਂ ਦੀ ਛੇਤੀ ਦੀ ਸੰਭਾਵਨਾ ਹੈ।

ਆਂਧਰਾ ਬੈਂਕ ਦਾ ਮੈਨੇਜਰ ਰਤਨ ਸਿੰਘ ਗੁਰਿੰਦਰ ਦਾ ਇਕ ਸਰਗਰਮ ਮੈਂਬਰ ਦਸਿਆ ਜਾਂਦਾ ਹੈ ਅਤੇ ਇਹ ਕਿਹਾ ਜਾਂਦਾ ਹੈ ਕਿ ਦਹਿਸ਼ਤਪਸੰਦਾਂ ਦੀਆਂ ਕਾਰਵਾਈਆਂ ਪਿਛੇ ਉਸ ਦੀ ਯੋਜਨਾ ਸੀ। ਇਸ ਸਬੰਧੀ ਹੋਰ ਵੇਰਵਿਆਂ ਦੀ ਉਡੀਕ ਕੀਤੀ ਜਾ ਰਹੀ ਹੈ।

ਪੌਣ ਵਿੱਚ ਲਾਸ਼ਾਂ ਦੀ ਬੋ, 'ਤੇ ਪਾਣੀਆਂ ਵਿੱਚ ਖ਼ੂਨ ਹੈ,
ਕਿਹੋ ਜਹੀ ਤਹਿਜ਼ੀਬ ਹੈ, ਕਿਹੋ ਜਿਹਾ ਹਿੰਦੁਸਤਾਨ.

ਭਜਨ ਲਾਲ ਵਿਰੁਧ ਦੋਸ਼ਾਂ ਦਾ ਮਾਮਲਾ ਸੰਸਦ ਦੇ ਮੌਨਸੂਨ ਸਮਾਗਮ ਵਿਚ ਉਠੇਗਾ

ਚੰਡੀਗੜ੍ਹ: ਵਿਰੋਧੀ ਪਾਰਟੀਆਂ ਵਲੋਂ ਹਰਿਆਣਾ ਦੇ ਮੁਖ ਮੰਤਰੀ ਚੌਧਰੀ ਭਜਨ ਲਾਲ ਭ੍ਰਿਸ਼ਟਾਚਾਰ ਤੇ ਭਾਈ ਭਤੀਜਾਵਾਦ ਦੇ ਦੋਸ਼ਾਂ ਦਾ ਮਾਮਲਾ ਪਾਰਲੀਮੈਂਟ ਦੇ ਮੌਨਸੂਨ ਸਮਾਗਮ ਵਿਚ ਉਠਾਇਆ ਜਾਵੇਗਾ।

ਹਰਿਆਣਾ ਲੋਕ ਦਲ ਦੇ ਜਨਰਲ ਸਕੱਤਰ ਡਾ. ਭੀਮ ਸਿੰਘ ਦਾਹੀਆ ਐਮ. ਐਲ. ਏ. ਨੇ ਇਹ ਜਾਣਕਾਰੀ ਦਿੰਦੇ ਹੋਏ ਪੱਤਰਕਾਰਾਂ ਨੂੰ ਦਸਿਆ ਕਿ ਸੰਸਦ ਵਿਚ ਮਾਮਲਾ ਉਠਾਉਣ ਬਾਰੇ ਫੈਸਲਾ ਹਰਿਆਣਾ ਵਿਚ ਸਾਰੀਆਂ ਵਿਰੋਧੀ ਪਾਰਟੀਆਂ ਦਾ ਇਕ ਮੀਟਿੰਗ ਸਮੇਂ ਕੀਤਾ ਗਿਆ। ਮੀਟਿੰਗ ਵਿਚ ਲੋਕ ਦਲ, ਭਾਜਪਾ, ਜਨਤਾ ਪਾਰਟੀ ਅਤੇ ਕਾਂਗਰਸ (ਜ) ਦੇ ਪ੍ਰਤੀਨਿਧੀ ਹਾਜ਼ਰ ਸਨ।

ਵਿਰੋਧੀ ਪਾਰਟੀਆਂ ਨੇ ਹਾਲ ਹੀ ਵਿਚ ਸ੍ਰੀ ਭਜਨ ਲਾਲ ਵਿਰੁਧ ਇਕ ਮੈਮੋਰੰਡਮ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਦਿਤਾ ਸੀ ਅਤੇ ਸ੍ਰੀ ਗਾਂਧੀ ਨੇ ਦੋਸ਼ਾਂ ਉਪਰ ਨਜ਼ਰਸਾਨੀ ਦਾ ਭਰੋਸਾ ਦਿਵਾਇਆ ਸੀ।

ਡਾ. ਦਾਹੀਆ ਨੇ ਦਸਿਆ ਕਿ ਇਸ ਤੋਂ ਪਹਿਲਾਂ ਆਮ ਜਲਸਿਆਂ ਰੈਲੀਆਂ ਰਾਹੀਂ ਇਸ ਮਾਮਲ਼ੇ ਉਪਰ ਲੋਕ ਰਾਏ ਬਣਾਈ ਜਾਵੇਗੀ ਅਤੇ ਪ੍ਰਧਾਨ ਮੰਤਰੀ ਨੂੰ ਦਿਤੇ ਯਾਦ ਪੱਤਰ ਦੀਆਂ 50,000 ਕਾਪੀਆਂ ਪਾਰਲੀਮੈਂਟ ਮੈਂਬਰਾਂ, ਬੁੱਧੀਜੀਵੀਆਂ ਅਤੇ ਆਮ ਲੋਕਾਂ ਵਿਚ ਵੰਡੀਆਂ ਜਾਣਗੀਆਂ।

ਸਿੱਖ ਅਫਸਰਾਂ ਨੂੰ ਜਬਰੀ ਰਿਟਾਇਰ ਕਰਨ ਦਾ ਦੋਸ਼

ਮੋਰਿੰਡਾ: ਯੂਥ ਅਕਾਲੀ ਦਲ ਦੇ ਪ੍ਰਧਾਨ ਪ੍ਰੇਮ ਸਿੰਘ ਚੰਦੂਮਾਜਰਾ ਨੇ ਦੋਸ਼ ਲਾਇਆ ਹੈ ਕਿ ਸਿੱਖ ਅਫਸਰਾਂ ਨੂੰ ਸਰਕਾਰੀ ਸੇਵਾ ਤੋਂ ਜਬਰੀ ਰਿਟਾਇਰ ਕੀਤਾ ਜਾ ਰਿਹਾ ਹੈ।

ਉਹ ਚਮਕੌਰ ਸਾਹਿਬ ਦੇ ਨਜ਼ਦੀਕ ਪਿੰਡ ਰੋਲੂ ਮਾਜਰਾ ਵਿਖੇ ਜ਼ਿਲਾ ਯੂਥ ਵਿੰਗ ਵਲੋਂ ਆਯੋਜਤ ਇਕ ਸਭਾ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਸਰਕਾਰ ਅਜਿਹੇ ਅਧਿਕਾਰੀਆਂ ਨੂੰ ਇਨਸਾਫ ਲੈਣ ਲਈ ਅਦਾਲਤਾਂ ਵਿਚ ਵੀ ਜਾਣ ਦੀ ਆਗਿਆ ਨਹੀਂ ਦਿੰਦੀ।

ਉਨ੍ਹਾਂ ਕਿਹਾ ਕਿ ਸਾਡੀ ਲੜਾਈ ਕਿਸੇ ਫਿਰਕੇ ਜਾਂ ਧਰਮ ਦੇ ਨਾਲ ਨਹੀਂ ਸਗੋਂ ਕਾਂਗਰਸ (ਆਈ) ਸਰਕਾਰ ਨਾਲ ਹੈ ਜੋ ਸਿੱਖ ਕੌਮ ਨੂੰ ਇਕ ਸਾਜ਼ਿਸ਼ ਅਧੀਨ ਬਦਨਾਮ ਕਰ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਆਨੰਦਪੁਰ ਸਾਹਿਬ ਮਤੇ ਵਿਚ ਨਵੀਆਂ ਮੰਗਾਂ ਨਹੀਂ, ਸਿਰਫ ਸਰਕਾਰ ਵਲੋਂ ਕੀਤੇ ਵਾਇਦੇ ਹੀ ਹਨ।

ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਵਿਚ ਜ਼ੋਰਦਾਰ ਬਾਰਸ਼

ਚੰਡੀਗੜ੍ਹ: ਪੰਜਾਬ, ਚੰਡੀਗੜ੍ਹ, ਹਰਿਆਣਾ ਤੇ ਹਿਮਾਚਲ ਦੇ ਦੂਰਦੁਰੇਡੇ ਇਲਾਕਿਆਂ 'ਚ ਬਾਰਸ਼ ਹੋਈ। ਕਈ ਥਾਈਂ ਨੀਵੇਂ ਇਲਾਕਿਆਂ 'ਚ ਪਾਣੀ ਭਰ ਗਿਆ। ਇਹ ਬਾਰਸ਼ ਫਸਲਾਂ ਲਈ ਬੜੀ ਲਾਹੇਵੰਦ ਗਿਣੀ ਜਾ ਰਹੀ ਹੈ।

ਮੋਗਾ ਤੇ ਇਸ ਦੇ ਆਲੇ ਦੁਆਲੇ ਦੇ ਇਲਾਕੇ 'ਚ ਪਿਛਲੀ ਰਾਤ ਭਾਰੀ ਬਾਰਸ਼ ਹੋਈ ਜਿਸ ਨਾਲ ਨੀਵੇ ਇਲਾਕੇ ਪਾਣੀ ਨਾਲ ਭਰ ਗਿਆ।

ਯੂ. ਐਨ. ਆਈ. ਅਨੁਸਾਰ ਦੇਸ਼ ਦੀ ਰਾਜਧਾਨੀ ਦਿਲੀ ਵਿਚ ਵੀ ਭਾਰੀ ਬਾਰਸ਼ ਹੋਈ। ਅਗਲੇ 12 ਘੰਟਿਆਂ ਵਿਚ ਹੋਰ ਬਾਰਸ਼ ਹੋਣ ਦੇ ਆਸਾਰ ਹਨ

ਸੰਗਰੂਰ: ਕੁਝ ਘੰਟੇ ਜ਼ੋਰਦਾਰ ਬਾਰਸ਼ ਹੋਣ ਕਰਕੇ ਸ਼ਹਿਰ ਦੇ ਨੀਵੇਂ ਭਾਗਾਂ ਵਿਚ ਦੋ-ਦੋ ਫੁੱਟ ਪਾਣੀ ਚੜ੍ਹ ਗਿਆ। ਪਟਿਆਲਾ ਗੇਟ ਬਾਜ਼ਾਰ ਇਕ ਨਹਿਰ ਦਾ ਰੂਪ ਧਾਰਨ ਕਰ ਗਿਆ। ਇਸ ਪੌਣੇ ਫਰਲਾਂਗ ਲੰਮੇ ਬਾਜ਼ਾਰ 'ਚ ਜਿਹੜਾ ਪਾਣੀ ਨਾਲ ਭਰ ਚੁੱਕਾ ਸੀ, ਸਵਾਰੀ ਨੂੰ ਪਾਰ ਲੰਘਾਉਣ ਲਈ ਰਿਕਸ਼ੇ ਵਾਲਿਆਂ ਨੇ ਤਿੰਨ ਰੁਪਏ ਤਕ ਚਾਰਜ ਕੀਤੇ।

ਅਦਾਲਤਾਂ ਨੂੰ ਜਾਣ ਵਾਲੇ ਬਾਜ਼ਾਰ ਵਿਚ ਵੀ ਪਾਣੀ ਖੜ੍ਹ ਗਿਆ। ਐਸ. ਐਸ. ਪੀ. ਦੇ ਮੁੱਖ ਦਫਤਰ ਅੱਗੇ ਲੱਗੇ ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਦਾ ਬੁੱਤ ਇਕ ਟਾਪੂ ਦੀ ਸ਼ਕਲ ਧਾਰਨ ਕਰ ਗਿਆ।

ਫੌਜੀ ਅਫਸਰਾਂ ਨੂੰ ਸਖਤ ਸਜ਼ਾ

ਇਸਲਾਮਾਬਾਦ: ਪਾਕਿਸਤਾਨ ਦੀ ਸਰਕਾਰੀ ਸਮਾਚਾਰ ਏਜੰਸੀ ਏ. ਪੀ. ਪੀ. ਅਨੁਸਾਰ ਪਿਛਲੇ ਸਾਲ ਜ਼ਿਆ ਸਰਕਾਰ ਦਾ ਤਖਤਾ ਉਲਟਾਉਣ ਦੀ ਕੋਸ਼ਿਸ਼ ਕਰਨ ਦੇ ਦੋਸ਼ ਹੇਠ ਜਿਨ੍ਹਾਂ ਫੌਜੀ ਅਧਿਕਾਰੀਆਂ ਉਤੇ ਫੌਜੀ ਅਦਾਲਤ ਵਿਚ ਮੁਕਦਮਾ ਚਲਾਇਆ ਗਿਆ ਸੀ ਉਨ੍ਹਾਂ ਵਿਚੋਂ ਸੱਤ ਨੂੰ ਸਾਜ਼ਸ਼ ਰਚਣ ਦਾ ਦੋਸ਼ੀ ਪਾਇਆ ਗਿਆ ਹੈ ਅਤੇ ਉਨ੍ਹਾਂ ਨੂੰ ਦਸ ਸਾਲ ਦੀ ਸਖਤ ਸਜ਼ਾ ਤੇ ਤੋਂ ਲੈ ਕੇ ਉਮਰ ਕੈਦ ਤਕ ਦੀ ਸਜ਼ਾ ਦਿਤੀ ਗਈ ਹੈ।

12 ਹੋਰ ਫੌਜੀ ਅਧਿਕਾਰੀਆਂ ਨੂੰ ਮਜ਼ਸਬੂਤ ਨਾ ਮਿਲਣ ਦੇ ਅਧਾਰ ਉਤੇ ਛੱਡ ਦਿਤਾ ਗਿਆ ਹੈ।

ਬੀ. ਸੀ. ਵਿਚ 807 ਅੱਗਾਂ

ਵਿਕਟੋਰੀਆ — ਬੀ. ਸੀ. ਵਿਚ ਗਰਮੀ ਪੈਣ ਨਾਲ ਇਸ ਸਮੇਂ 807 ਅੱਗਾਂ ਬੀ. ਸੀ. ਦੇ ਵੱਖਰੇ ਵੱਖਰੇ ਹਿੱਸਿਆਂ ਵਿਚ ਬਲ ਰਹੀਆਂ ਹਨ। ਲੱਖਾਂ ਏਕੜ ਰਕਬਾ ਇਨ੍ਹਾਂ ਦੀ ਮਾਰ ਥੱਲੇ ਆ ਚੁੱਕਾ ਹੈ। ਸੰਭਾਵਨਾ ਹੈ ਕਿ ਅਗਲੇ ਕੁਝ ਦਿਨਾਂ ਵਿਚ ਮੌਸਮ ਵਿਚ ਨਿਰਮਾਈ ਆਉਣ ਨਾਲ ਇਹ ਅੱਗਾਂ ਬੁਝ ਸਕਣਗੀਆਂ।

THE CANADA DARPAN
(Punjabi Weekly Newspaper)
P.O. Box 67344 Stn. 'O', Vancouver, B.C. V5W 3T1
Chief Editor: (Hon.) DARSHAN GILL
Advertising: BHAV KHANDAN SINGH
Circulation: SATINDER SIDHU
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿੱਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ। ਐਡੀਟਰ ਜਾ ਪਬਲਿਸ਼ਰ ਦਾ ਉਹਨਾਂ ਵਿੱਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

ਸੰਪਾਦਕੀ:

ਪੰਜਾਬ ਦੀ ਸਥਿਤੀ ਵਿਚ ਸੁਖਾਵਾਂ ਮੋੜ

ਕੱਲ੍ਹ ਦੀਆਂ ਖਬਰਾਂ ਤੋਂ ਹਰ ਪੰਜਾਬੀ ਨੂੰ ਉਤਸ਼ਾਹ ਮਿਲੇਗਾ ਕਿ ਆਖਰ ਤਿੰਨ ਸਾਲ ਦੇ ਹਨੇਰੇ ਪਿਛੋਂ ਕੁਝ ਰੌਸ਼ਨੀ ਦੀਆਂ ਕਿਰਨਾਂ ਦਿਖਾਈ ਦੇਣ ਲੱਗੀਆਂ ਹਨ। ਪੰਜਾਬ ਜਿਸ ਹਨੇਰੇ ਵਿਚੋਂ ਗੁਜ਼ਰਿਆ ਹੈ — ਇਹ ਸਮਾਂ ਦੂਸ਼ਨ ਲਗਾਉਣ ਦਾ ਨਹੀਂ ਹੈ — ਸਗੋਂ ਇਹ ਸਮਝਣ ਦਾ ਹੈ ਕਿ ਉਹ ਤਾਕਤਾਂ ਕਿਹੜੀਆਂ ਸਨ ਜਿਨ੍ਹਾਂ ਨੇ ਵਸਦੇ ਰਸਦੇ, ਹੱਸਦੇ ਖੇਲਦੇ ਪੰਜਾਬ ਨੂੰ ਅਜੋਕੀ ਸਥਿਤੀ ਵਿਚ ਪਹੁੰਚਾਇਆ। ਜੋ ਭਾਣਾ ਹਰਿਮੰਦਰ ਸਾਹਿਬ ਵਾਪਰਿਆ, ਉਹ ਕਈ ਦਹਾਕਿਆਂ ਤੱਕ ਭੁੱਲਣ ਵਾਲਾ ਨਹੀਂ - ਅਤੇ ਜੋ ਦਿੱਲੀ ਵਿਚ ਵਾਪਰਿਆ ਉਹ ਵੀ ਸਦੀਆਂ ਤੱਕ ਜ਼ਖਮਾਂ ਨੂੰ ਉਚੇੜਦਾ ਰਹੇਗਾ — ਅਤੇ ਜੋ ਵੀ ਲੋਕ ਇਨ੍ਹਾਂ ਉਪਰੋਕਤ ਸਥਿਤੀਆਂ ਦੇ ਜ਼ਿੰਮੇਂਵਾਰ ਹਨ, ਉਹ ਵੀ ਪੰਜਾਬ ਦੇ ਲੋਕਾਂ ਤੋਂ ਹੁਣ ਲੁਕੇ ਛਿਪੇ ਨਹੀਂ ਰਹੇ।

ਹਰ ਤਰਕਸ਼ੀਲ ਵਿਅਕਤੀ ਦੀ ਤਿੰਨ ਸਾਲ ਪਹਿਲਾਂ ਵੀ ਇਹੀ ਸੋਚ ਸੀ ਅਤੇ ਅੱਜ ਵੀ ਉਹੋ ਹੀ ਹੈ ਕਿ ਝਗੜੇ ਹਮੇਸ਼ਾ ਗੱਲਬਾਤ ਰਾਹੀਂ ਨਿਪਟਾਏ ਜਾਂਦੇ ਹਨ। ਜੋ ਕਤਲਾਂ ਦੀ ਭਰਮਾਰ ਪਿਛਲੇ ਤਿੰਨ ਸਾਲ ਲੱਗੀ ਰਹੀ, ਹਜ਼ਾਰਾਂ ਬੇਕਸੂਰੇ ਲੋਕ ਜਿਸ ਜਨੂੰਨ ਦੀ ਭੱਠੀ ਵਿਚ ਝੋਕੇ ਗਏ, ਬੇਕਸੂਰ ਔਰਤਾਂ, ਬੱਚੇ ਅਤੇ ਮਰਦ ਜਿਸ ਅੱਗ ਵਿਚ ਧੱਕੇ ਗਏ, ਉਹ ਸਭ ਕੁਝ ਰੋਕਿਆ ਜਾ ਸਕਦਾ ਸੀ ਜੇ ਦੋਵੇਂ ਪਾਸੇ ਇਸ ਗੱਲ ਦਾ ਅਹਿਸਾਸ ਪਹਿਲਾਂ ਹੀ ਕਰ ਲੈਂਦੇ ਕਿ ਮਾਰਧਾੜ ਨਾਲ ਇਹ ਗੱਲ ਸਿਰੇ ਨਹੀਂ ਚੜ੍ਹਨੀ — ਜਿਸ ਦਿਨ ਵੀ ਚੜ੍ਹੀ ਗਲਬਾਤ ਰਾਹੀਂ ਚੜ੍ਹੇਗੀ।

ਇਸ ਸਮੁੱਚੇ ਔਖੇ ਸਮੇਂ ਵਿਚ ਇਕੋ ਇਕ ਸਖਸ਼ੀਅਤ ਸੰਤ ਹਰਚੰਦ ਸਿੰਘ ਲੌਂਗੋਵਾਲ ਸਨ ਜਿਨ੍ਹਾਂ ਹਮੇਸ਼ਾਂ ਸ਼ਾਂਤੀ ਦਾ ਸੁਨੇਹਾ ਦਿਤਾ, ਹਿੰਦੂ-ਸਿੱਖ ਏਕਤਾ ਨੂੰ ਪੰਜਾਬ ਦੀ ਬੁਨਿਆਦ ਸਮਝਿਆ, ਕਤਲਾਂ, ਮਾਰ ਧਾੜ ਦੀ ਹਮੇਸ਼ਾ ਨਿਖੇਧੀ ਕੀਤੀ ਵੱਖਵਾਦ ਅਤੇ ਅਤਿਵਾਦ ਵਿਰੁੱਧ ਹਮੇਸ਼ਾ ਲੌਂਗੋਵਾਲ ਡਟ ਕੇ ਬੋਲਦੇ ਰਹੇ। ਬੇਸ਼ਕ ਜਨੂੰਨੀ ਪ੍ਰੈਸ ਉਨ੍ਹਾਂ ਉਤੇ ਤਰ੍ਹਾਂ ਤਰ੍ਹਾਂ ਦੇ ਇਲਜ਼ਾਮ ਲਗਾਉਂਦਾ ਰਿਹਾ ਪਰ ਆਖਰ ਜਿੱਤ ਮਨੁੱਖਵਾਦੀ ਰੁਚੀਆਂ ਵਾਲੇ ਵਿਅਕਤੀਆਂ ਦੀ ਹੀ ਹੁੰਦੀ ਹੈ - ਇਹ ਗੱਲ ਪੰਜਾਬ ਦੇ ਮਸਲੇ ਵਿਚ ਸੰਤ ਲੌਂਗੋਵਾਲ ਦੀ ਸਖਸ਼ੀਅਤ ਨੇ ਸੱਚ ਕਰ ਵਿਖਾਈ ਹੈ।

ਇਹ ਵਕਤ ਇਹ ਸਮਝਣ ਦਾ ਹੈ ਕਿ ਦੇਸ਼ਾਂ ਦੀ ਬੁਨਿਆਦ ਕਲਚਰ ਉਤੇ ਆਧਾਰਿਤ ਹੁੰਦੀ ਹੈ ਨਾਕਿ ਮਜ਼ਬ ਉਤੇ। ਮਜ਼ਬ ਦੇ ਆਧਾਰ ਉਤੇ ਜਿਹੜੇ ਵੀ ਮੁਲਕ ਆਧਾਰਤ ਹੋਣ ਦੀ ਕੋਸ਼ਿਸ਼ ਕਰਦੇ ਰਹੇ, ਉਹ ਕਤਲੇਆਮ ਵਿਚ ਹੀ ਡੁਬਦੇ ਰਹੇ।

ਪੰਜਾਬ ਵਲੋਂ ਸੁੱਖ ਦੀਆਂ ਹਵਾਵਾਂ ਦਾ ਆਉਣਾ ਸ਼ੁਭ ਗਿਣਿਆ ਜਾਣਾ ਚਾਹੀਦਾ ਹੈ।

ਸੁਪਰੀਮ ਕੋਰਟ ਡੀਪੋਰਟੇਸ਼ਨ ਬਾਰੇ ਫੈਸਲਾ ਕਰੇਗੀ

ਅਟਵਾ — ਪਤਾ ਲੱਗਾ ਹੈ ਕਿ ਸੁਪਰੀਮ ਕੋਰਟ ਡੀਪੋਰਟੇਸ਼ਨ ਬਾਰੇ ਨੀਤੀ ਅਤੇ ਢੰਗਾਂ ਬਾਰੇ ਵਿਚਾਰ ਕਰ ਰਹੀ ਹੈ। ਸਾਬਕਾ ਜਸਟਿਸ ਮਨਿਸਟਰ ਮਾਰਕ ਮੈਕੋਗਨ ਨੇ ਡੀਪੋਰਟੇਸ਼ਨ ਦੀ ਨੀਤੀ ਦੀ ਸਖਤ ਨਿੰਦਿਆ ਕੀਤੀ ਹੈ। ਇਕ ਰੀਪੋਰਟ ਅਨੁਸਾਰ ਇੰਮੀਗਰੇਸ਼ਨ ਅਧਿਕਾਰੀ ਵਿਤਕਰੇ ਦੀ ਨੀਤੀ ਵੀ ਅਪਣਾਉਂਦੇ ਹਨ ਇਕ ਖਬਰ ਵਿਚ ਦੱਸਿਆ ਗਿਆ ਹੈ ਕਿ ਤਿੰਨ ਹਜ਼ਾਰ ਭਾਰਤੀਆਂ ਨੇ ਇਸ ਸਮੇਂ ਰੀਫੀਊਜ਼ੀ ਸਟੇਟਸ ਲਈ ਅਪਲਾਈ ਕੀਤਾ ਹੋਇਆ ਹੈ। ਜਦ ਕਿ ਅਜੇ ਤੱਕ ਦਸ ਤੋਂ ਵੀ ਘੱਟ ਨੂੰ ਅਜਿਹਾ ਸਟੇਟਸ ਮਿਲ ਸਕਿਆ ਹੈ।

ਪੰਜਾਬ ਦੀ ਸਮੱਸਿਆ ਦਾ ਹੱਲ ਕਿਵੇਂ ਹੋਵੇਗਾ ?

—ਪ੍ਰੋ. ਪਿਆਰਾ ਸਿੰਘ ਭੋਗਲ

ਕਿਸੇ ਪਿੰਡ ਚਲੇ ਜਾਉ ਜਾਂ ਸ਼ਹਿਰ। ਕਿਸੇ ਵਿਅਕਤੀ ਨੂੰ ਮਿਲੋ, ਪਹਿਲਾ ਪ੍ਰਸ਼ਨ ਇਹ ਹੁੰਦਾ ਹੈ — ਕੀ ਪੰਜਾਬ ਦੀ ਸਮੱਸਿਆ ਹੱਲ ਹੋ ਜਾਵੇਗੀ ? ਕੀ ਕੋਈ ਸਮਝੌਤਾ ਹੋ ਜਾਵੇਗਾ।

ਸ੍ਰੀ ਰਾਜੀਵ ਗਾਂਧੀ ਨੇ ਲੰਡਨ ਵੀਕ-ਐਂਡ ਟੈਲੀਵੀਜ਼ਨ ਨਾਲ ਇਕ ਇੰਟਰਵਿਊ ਵਿਚ ਕਿਹਾ — ਇਸ ਵੇਲੇ ਗੱਲਬਾਤ ਨਾਲ ਸਮਝੌਤਾ ਹੋ ਸਕਦਾ ਹੈ। ਅਸੀਂ ਫੌਰੀ ਤੌਰ ਤੇ ਗੱਲਬਾਤ ਲਈ ਤਿਆਰ ਹਾਂ। ਸ੍ਰੀ ਗਾਂਧੀ ਨੇ ਇਹ ਵੀ ਕਿਹਾ ਕਿ ਇਕ— ਤਰਫਾ ਤੌਰ ਤੇ ਮੈਂ ਹੋਰ ਮੰਗਾਂ ਮੰਨਣ ਅਤੇ ਰਿਆਇਤਾਂ ਦੇਣ ਲਈ ਤਿਆਰ ਨਹੀਂ। ਅਕਾਲੀਆਂ ਨੂੰ ਗੱਲਬਾਤ ਰਾਹੀਂ ਸਰਕਾਰ ਨਾਲ ਸਮਝੌਤਾ ਕਰਨਾ ਪਵੇਗਾ।

ਪਰ ਦੂਜੇ ਪਾਸੇ ਅੱਠ ਜੁਲਾਈ ਨੂੰ ਅਕਾਲੀਆਂ ਦੀ ਆਨੰਦਪੁਰ ਸਾਹਿਬ ਵਾਲੀ ਹੋਈ ਇਕੱਤਰਤਾ ਵਿਚ ਪਾਸ ਕੀਤੇ ਗਏ ਪ੍ਰਸਤਾਵ ਅਤੇ ਕੀਤੀਆਂ ਗਈਆਂ ਤਕਰੀਰਾਂ ਤੋਂ ਸਪੱਸ਼ਟ ਸੰਕੇਤ ਮਿਲਦਾ ਹੈ ਕਿ ਨਾ ਅਕਾਲੀ ਅਜੇ ਸਰਕਾਰ ਨਾਲ ਗਲਬਾਤ ਕਰਨਗੇ, ਤੇ ਨਾ ਛੇਤੀ ਸਮਝੌਤਾ ਹੋ ਸਕਦਾ ਹੈ।

ਯਥਾਰਥ

ਕਈ ਪਾਠਕਾਂ ਨੂੰ ਇਹ ਪੜ੍ਹ ਕੇ ਹੈਰਾਨੀ ਹੋਵੇਗੀ ਪਰ ਹੈ ਇਹ ਵਰਤਮਾਨ ਯਥਾਰਥ ਕਿ ਸਰਕਾਰ ਸਮਝੌਤਾ ਕਰਨਾ ਚਾਹੁੰਦੀ ਹੈ, ਪਰ ਅਕਾਲੀ ਸਮਝੌਤੇ ਲਈ ਉਤਾਵਲੇ ਨਹੀਂ। ਕਾਰਨ ਇਹ ਹੈ ਕਿ ਭਾਵੇਂ ਸਰਕਾਰ ਨੇ ਇਕ ਸਾਲ ਤੋਂ "ਪ੍ਰਚਾਰ-ਹਮਲਾ" ਜਾਰੀ ਰੱਖਿਆ ਹੋਇਆ ਹੈ, ਜਿਸ ਨਾਲ ਸਿੱਖਾਂ ਦੀ ਬਹੁਤ ਬਦਨਾਮੀ ਹੋਈ ਹੈ, ਤਾਂ ਵੀ ਸਰਕਾਰ ਆਪੇ ਪੈਦਾ ਕੀਤੀਆਂ ਉਲਝਣਾਂ ਵਿਚਜ ਵਿਚ ਫਸੀਂ ਹੋਈ ਹੈ। ਨਵੰਬਰ ਦੇ ਦੰਗਿਆਂ ਵਿਚ ਹੋਏ ਅਤਿਆਚਾਰ ਨੂੰ ਕਿਵੇਂ ਭੁਲਾਇਆ ਜਾਏ ? ਦੰਗਾਪੀੜ੍ਹਤ ਵਿਧਵਾਵਾਂ ਪੰਜਾਬ ਦੇ ਹਰ ਜ਼ਿਲੇ ਦੇ ਪਿੰਡਾਂ ਵਿਚ ਬੈਠੀਆਂ ਹਨ। ਪੰਜਾਬ ਤੋਂ ਬਾਹਰ ਬੈਠੇ ਸਿਖ, ਉਂਜ ਭਾਵੇਂ ਅਕਾਲੀਆਂ ਦੇ ਵਿਰੋਧੀ ਹੀ ਹੋਣ, ਦੰਗਿਆਂ ਦਾ ਸੇਕ ਝੱਲ ਚੁੱਕਣ ਤੋਂ ਬਾਅਦ ਕਿਵੇਂ ਮੰਨ ਲੈਣ ਕਿ ਕਾਂਗਰਸ ਹਾਕਮ ਦੋਸ਼ੀ ਨਹੀਂ ? ਸੈਨਿਕ ਭਗੌੜਿਆਂ ਵਿਰੁਧ ਹਰ ਮੁਕੱਦਮੇ ਚੱਲ ਰਹੇ ਹਨ। ਤੇ ਸਜ਼ਾਵਾਂ ਹੋ ਰਹੀਆਂ ਹਨ ਅਤੇ ਇਨ੍ਹਾਂ ਸੈਨਿਕਾਂ ਦੇ ਅੰਗ ਸਾਕ ਵੀ ਪੰਜਾਬ ਦੇ ਹਰ ਜ਼ਿਲੇ ਦੇ ਪਿੰਡਾਂ ਵਿਚ ਬੈਠੇ ਹਨ। ਵਿਸ਼ੇਸ਼ ਅਦਾਲਤਾਂ ਵੀ ਕੰਮ ਕਰਨੋਂ ਬੰਦ ਨਹੀਂ ਹੋਈਆਂ ਤੇ ਠਹਿਰਾਈਆਂ ਤੇ ਬਾਵਜੂਦ ਵੱਡੀ ਗਿਣਤੀ ਵਿਚ ਰਾਜਨੀਤਕ ਕੈਦੀ ਜ਼ੇਲ੍ਹਾਂ ਵਿਚ ਬੈਠੇ ਹਨ। ਸਭ ਤੋਂ ਵੱਡੀ ਉਲਝਣ 90 ਫੀ ਸਦੀ ਸਿੱਖਾਂ ਦਾ ਇਹ ਅਹਿਸਾਸ ਹੈ ਕਿ ਕਾਂਗਰਸ ਲੀਡਰਸ਼ਿਪ ਨੇ ਵੋਟਾਂ ਪ੍ਰਾਪਤ ਕਰਨ ਦੀ ਖਾਤਰ ਆਪੀ ਹੀ ਅਤਿਵਾਦ ਦੇ ਜਿਨ ਨੂੰ ਸ਼ਹਿ ਦਿਤੀ। ਆਪ ਹੀ ਪਿਛੋਂ ਇਸ ਨੂੰ ਕੁਚਲਣ ਲਈ ਸੈਨਾ ਦੀ ਸਹਾਇਤਾ ਲਈ, ਲੋਕ ਸਭਾ ਦੀਆਂ ਚੋਣਾਂ ਵਿਚ ਆਪ ਹੀ "ਆਨੰਦਪੁਰ ਪ੍ਰਸਤਾਵ" ਨੂੰ ਹਊਆ ਬਣਾਇਆ ਤੇ ਪਿਛੋਂ ਚੋਣਾਂ ਜਿੱਤ ਕੇ ਆਪ ਹੀ ਕਹਿ ਦਿਤਾ ਕਿ ਇਸ ਪ੍ਰਸਤਾਵ ਬਾਰੇ ਵੀ ਗੱਲਬਾਤ ਹੋ ਸਕਦੀ ਹੈ। ਸੋਚਣ ਵਾਲੀ ਗਲ ਹੈ ਕਿ ਗੱਲਬਾਤ ਦੀ ਮੇਜ਼ ਉਤੇ ਬੈਠ ਕੇ ਸਰਕਾਰ ਤੇ ਅਕਾਲੀ ਜਿਹੜਾ ਸਮਝੌਤਾ ਕਰਨਗੇ, ਉਸ ਵਿਚ ਕਾਂਗਰਸ ਲੀਡਰਸ਼ਿਪ ਦੀਆਂ ਉਪਰੋਕਤ ਚਲਾਕੀਆਂ ਨੰਗੀਆਂ ਹੋ ਜਾਣਗੀਆਂ। ਸ੍ਰੀ ਰਾਜੀਵ ਗਾਂਧੀ ਨੇ ਤਾਂ ਇਹ ਵੀ ਕਹਿ ਦਿਤਾ ਹੈ ਕਿ ਸਾਡੀ ਪੜਤਾਲ ਦੇ ਮੁਤਾਬਿਕ ਕਾਂਗਰਸੀਆਂ ਉਤੇ ਨਵੰਬਰ ਦੇ ਦੰਗਿਆਂ ਨੂੰ ਭੜਕਾਉਣ ਦਾ ਦੋਸ਼ ਗਲਤ ਸਾਬਤ ਹੋ ਚੁੱਕਿਆ ਹੈ ਭਾਵੇਂ ਅਸੀਂ ਦਿਲੀ ਦੇ ਦੰਗਿਆਂ ਦੀ ਅਦਾਲਤੀ ਪੜਤਾਲ ਦੀ ਮੰਗ ਮੰਨ ਲਈ ਹੈ

ਸੋ, ਸਮਝੌਤਾ ਹੋਣ ਵਿਚ ਸਭ ਤੋਂ ਵੱਡੀ ਰੁਕਾਵਟ ਇਹ ਹੈ ਕਿ ਕਾਂਗਰਸੀ ਨੇਤਾ ਵੱਡੇ ਗੁਨਾਹ ਕਰਕੇ ਵੀ ਰਾਸ਼ਟਰਵਾਦੀ ਅਤੇ ਸੱਚੇ ਸੁੱਚੇ ਬਣੇ ਰਹਿਣਾ ਚਾਹੁੰਦੇ ਹਨ ਤੇ ਦੋਸ਼ ਸਿੱਖ ਅਤਿਵਾਦੀਆਂ ਦੇ ਸਿਰ ਉਤੇ ਮੜ੍ਹੀ ਜਾਣਾ ਚਾਹੁੰਦੇ ਹਨ

ਉਧਰ ਸਿੱਖ ਮਨੋਅਵਸਥਾ ਇਹ ਹੈ ਕਿ ਉਹ ਆਪਣੇ ਆਪ ਨੂੰ ਹਰਾ ਦਿਤੀ ਗਈ ਅਤੇ ਖਾਹ ਮਖਾਹ ਬਦਨਾਮ ਕਰ ਦਿਤੀ ਗਈ ਅਤੇ ਖਾਹ ਮਖਾਹ ਬਦਨਾਮ ਕਰ ਦਿਤੀ ਗਈ ਘੱਟ ਗਿਣਤੀ ਸਮਝਦੇ ਹਨ, ਜਿਨ੍ਹਾਂ ਦੀ ਦੇਸ਼ ਭਗਤੀ ਅਤੇ ਆਰਥਿਕ ਪ੍ਰਾਪਤੀ ਖੂਹ ਵਿਚ ਸੁੱਟ ਦਿਤੀ ਗਈ ਤੇ ਜਿਨ੍ਹਾਂ ਦੇ ਮੱਥੇ ਉਤੇ ਅਤਿਵਾਦੀ ਤੇ ਵਖਵਾਦੀ ਅੱਖਰ ਦਾਗ ਦਿਤੇ ਗਏ। ਮਿੱਟੀ ਵਿਚ ਮਿਲਾ ਦਿਤਾ ਗਿਆ ਸਿੱਖ ਵਕਾਰ ਬਹਾਲ ਹੋਏ ਬਿਨਾਂ ਕੋਈ ਸਮਝੌਤਾ ਨਹੀਂ ਹੋ ਸਕਦਾ ਤੇ ਜੇ ਕੋਈ ਹੋ ਵੀ ਜਾਏ, ਤਾਂ ਸਿਰੇ ਨਹੀਂ ਚੜ੍ਹ ਸਕਦਾ। ਦੂਜੇ ਪਾਸੇ ਸਿਰਫ ਮੇਜ਼ ਦੁਆਲੇ ਹੋਏ ਸਮਝੌਤੇ ਨਾਲ ਇਹ ਵਕਾਰ ਨਹੀਂ ਹੋਣਾ।

ਸਵੈਮਾਣ

ਇਸ ਵੇਲੇ ਸਿੱਖਾਂ ਵਿਚ ਹੀ ਕਈ ਜੋਸ਼ੀਲੇ ਸਮੱਸਿਆ ਦਾ ਹੱਲ ਵੱਖਵਾਦ ਅਤੇ ਅਤਿਵਾਦ ਵਿਚ ਹੀ ਸਮਝਦੇ ਹਨ। ਹਾਲਾਂ ਕਿ ਪਹਿਲੇ ਨਾਲੋਂ ਵੀ ਡੂੰਰੇ ਖੂਹ ਵਿਚ ਡਿੱਗਣ ਵਾਲੀ ਗੱਲ ਹੋਵੇਗੀ। ਉਨ੍ਹਾਂ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ 1980 ਤਕ ਸਿੱਖ ਘੱਟ ਗਿਣਤੀ, ਸਮੁਚੀ ਭਾਰਤੀ ਵਸੋਂ ਵਿਚ ਆਟੇ ਵਿਚ ਲੂਣ ਦੇ ਬਰਾਬਰ ਹੁੰਦੀ ਸੀ, ਬਹੁਤ ਚੜ੍ਹਦੀ ਕਲਾ ਵਿਚ ਸੀ। ਅਕਾਲੀਆਂ ਨੇ 1947 ਤੋਂ 1980 ਤਕ ਕਈ ਮੋਰਚੇ ਲਾਏ, ਕਈ ਹਾਰੇ ਤੇ ਕਈ ਜਿਤੇ ਤਾਂ ਵੀ ਸਿੱਖ ਪੰਥ ਦਾ ਵਕਾਰ ਕਣਿਆ ਰਿਹਾ। ਪੰਜਾਬ ਤੋਂ ਬਾਹਰ ਸਿੱਖਾਂ ਦਾ ਰੁਅਬ, ਆਪਣੀ ਗਿਣਤੀ ਨਾਲੋਂ ਬਹੁਤ ਵੱਧ ਹਮੇਸ਼ਾਂ ਬਣਿਆ ਰਿਹਾ। 1980 ਤੋਂ ਬਾਅਦ ਪੰਜਾਬ ਵਿਚ ਹਿੰਸਾ ਸ਼ੁਰੂ ਹੋਈ। ਕਾਂਗਰਸੀ ਨੇਤਾਵਾਂ ਨੇ ਬਹੁਗਿਣਤੀ ਦੀਆਂ ਵੋਟਾਂ ਪ੍ਰਾਪਤ ਕਰਨ ਦੀ ਸੋਚੀ ਸਮਝੀ ਵਿਉਂਤ ਦੇ ਮੁਤਾਬਿਕ ਇਸ ਹਿੰਸਾ ਨੂੰ ਨਾ ਸਿਰਫ ਜਾਰੀ ਰਹਿਣ ਦਿਤਾ ਸਗੋਂ ਸਹਾਇਤਾ ਤੇ ਸ਼ਹਿ ਵੀ ਦਿਤੀ, ਪਰ ਮੁੱਢਲਾ ਦੋਸ ਤਾ ਹਿੰਸਾ ਕਰਨ ਅਤੇ ਪ੍ਰਚਾਰਨ ਦਾ ਸਿੱਖਾਂ ਦੇ ਸਿਰ ਹੀ ਲੱਗਦਾ ਹੈ।

ਇਸ ਵੇਲੇ ਸਿੱਖਾਂ ਨੂੰ ਰਾਜਨੀਤਕ "ਜਿਤ ਦੀ" ਮਨੋਵਿਗਿਆਨਕ ਲੋੜ ਹੈ। ਸਿੱਖ ਸਵੈਮਾਣ ਨੂੰ ਖੁਰਾਕ ਦੇਣ ਦੀ ਲੋੜ ਹੈ। ਸਿੱਖ ਸਵੈਮਾਣ ਨੂੰ ਖੁਰਾਕ ਦੇਣ ਦੀ ਲੋੜ ਹੈ। ਇਹ ਖੁਰਾਕ ਮੇਜ਼ ਦੁਆਲੇ ਬੈਠ ਕੇ ਗੱਲਬਾਤ ਨਾਲ ਨਹੀਂ ਪ੍ਰਾਪਤ ਹੋਣੀ। ਫੌਰੀ ਤੌਰ 'ਤੇ ਸਿੱਖ ਲੀਡਰਸ਼ਿਪ ਨੂੰ "ਪ੍ਰਚਾਰ ਫਰੰਟ" ਖੋਲ੍ਹਣਾ ਚਾਹੀਦਾ ਹੈ। ਪਿਛਲੇ ਦਿਨੀਂ ਸੰਤ ਹਰਚੰਦ ਸਿੰਘ ਲੌਂਗੋਵਾਲ ਠੀਕ ਪਾਸੇ ਵਧਦੇ ਰਹੇ ਹਨ। ਪੰਜਾਬ ਦੇ ਅਤੇ ਖਾਸ ਤੌਰ 'ਤੇ ਛੋਟੇ ਸ਼ਹਿਰਾਂ ਅਤੇ ਪਿੰਡਾਂ ਦੇ ਹਿੰਦੂ ਵੀਰਾਂ ਨੂੰ ਨਾਲ ਤੋਰਨ, ਉਨ੍ਹਾਂ ਵਿਚੋਂ ਨਵੀਂ ਲੀਡਰਸ਼ਿਪ ਖੜੀ ਕਰਨ ਅਤੇ "ਸਾਂਝੀ ਪੰਜਾਬੀ ਧਾਰਾ" ਵਿਚ ਸ਼ਾਮਲ ਕਰਨ ਦੇ ਯਤਨ ਤੇਜ਼ ਕਰਨੇ ਚਾਹੀਦੇ ਹਨ। ਸਾਂਝਾ ਹਿੰਦੂ-ਸਿੱਖ ਫਰੰਟ ਪੰਜਾਬ ਵਿਚ "ਪਾੜੋ ਅਤੇ ਰਾਜ ਕਰੋ" ਦੀ ਕਾਂਗਰਸੀ ਨੀਤੀ ਦਾ ਢੁਕਵਾਂ ਜਵਾਬ ਹੈ। ਇਸ ਦੇ ਨਾਲ ਨਾਲ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਭਾਰਤ ਦੇ ਉਨ੍ਹਾਂ ਸੂਬਿਆਂ ਦੇ ਮੁਖ ਸ਼ਹਿਰਾਂ ਵਿਚ ਜ਼ਰੂਰ ਪਹੁੰਚਣਾ ਚਾਹੀਦਾ ਹੈ, ਜਿਥੇ ਦੰਗੇ ਹੋਏ। ਉਨ੍ਹਾਂ ਦੇ ਇਹ ਯਤਨ ਇਨ੍ਹਾ ਸੂਬਿਆਂ ਵਿਚ ਵਸਦੇ ਸਿੱਖਾਂ ਦੇ ਹੌਂਸਲੇ ਉਚੇ ਕਰਨਗੇ ਤੇ ਸਿੱਖ ਬਿੰਬ ਨੂੰ ਸੁਧਾਰਨਗੇ।

ਬਿੰਬ

ਇਸ ਵਿਚ ਸ਼ੱਕ ਨਹੀਂ ਕਿ ਘਰੋਗੀ ਫਰੰਟ ਉਤੇ ਸੰਤ ਲੌਂਗੋਵਾਲ ਦੀਆਂ ਕੁਝ ਮੁਸ਼ਕਲਾਂ ਹਨ। ਲੌਂਗੋਵਾਲ ਜਿਹੜੇ ਕੁਝ ਮੁਸ਼ਕਲਾਂ ਹਨ। ਲੌਂਗੋਵਾਲ ਜਿਹੜੇ ਕੁਝ ਸਾਲ ਪਹਿਲਾਂ ਸਭ ਦੇ ਦਬਾਓ ਥੱਲੇ ਆ ਜਾਂਦੇ ਸਨ, ਹੁਣ ਪਹਿਲਾਂ ਨਾਲੋਂ ਵਧੇਰੇ ਮਜ਼ਬੂਤ ਹੋ ਕੇ ਚਲਦੇ ਹਨ ਅਤੇ ਬਾਦਲ-ਟੌਹੜਾ ਦੀ ਸਲਾਹ ਮੰਨਣ ਲਈ ਪਹਿਲੇ ਜਿੰਨੇ ਮਜਬੂਰ ਨਹੀਂ। ਉਂਜ ਇਸ ਵੇਲੇ ਸਿੱਖ ਪੰਥ ਨੂੰ "ਇਕ" ਵੱਡੇ ਲੀਡਰ ਦੀ ਸਖਤ ਲੋੜ ਹੈ। ਲੀਡਰ ਵੀ ਉਹ ਹੋਵੇ, ਜਿਸ ਦਾ ਬਿੰਬ ਸੁਲਾਹਕੁਨ ਤੇ ਅਮਨ ਪਸੰਦ ਵਿਅਕਤੀ ਵਾਲਾ ਹੋਵੇ ਪਰ ਜੋ ਹਕੂਮਤ ਦੇ ਦਬਾਉ ਹੇਠ ਨਾ ਆਵੇਂ ਸੰਤ ਲੌਂਗੋਵਾਲ ਇਸ ਕਸਵੱਟੀ ਉਤੇ ਪੂਰੇ ਉਤਰਦੇ ਹਨ।

ਅਕਤੂਬਰ ਵਿਚ ਪੰਜਾਬ ਵਿਧਾਨ ਸਭਾ ਦੀਆ ਚੋਣਾਂ ਹੋ ਸਕਦੀਆਂ ਹਨ। ਅਕਾਲੀਆਂ ਨੂੰ ਇਨ੍ਹਾਂ ਦਾ ਬਾਈਕਾਟ ਨਹੀਂ ਕਰਨਾ ਚਾਹੀਦਾ। ਕੇਂਦਰੀ ਸਰਕਾਰ ਲੋਕ ਸਭਾ ਵਿਚ ਆਪਣੀ ਭਾਰੀ ਬਹੁਗਿਣਤੀ ਦੀ ਸਹਾਇਤਾ ਨਾਲ ਸੰਵਿਧਾਨ ਵਿਚ ਸੋਧ ਕਰਕੇ ਚੋਣਾਂ ਅੱਗੇ ਪਾਉਣ ਦੀ ਆਗਿਆ ਲੈ ਸਕਦੀ ਹੈ। ਪਰ ਜੇ ਅਕਤੂਬਰ ਤਕ ਪੰਜਾਬ ਵਿਚ ਨਵੇਂ ਸਿਰੇ ਹਿੰਸਾ ਨਾ ਹੋਵੇ ਅਤੇ ਅਕਾਲੀ ਸਮਝੌਤਾ ਨਾ ਕਰਨ ਤਾਂ ਸਰਕਾਰ ਪਾਸ ਚੋਣਾਂ ਮੁਲਤਵੀ ਕਰਨ ਦਾ ਕੋਈ ਬਹਾਨਾ ਨਹੀਂ ਹੋਵੇਗਾ। ਇਸ ਵਿਚ ਪੰਜਾਬ ਦੀ ਸਮੱਸਿਆ ਹੱ ਕਰ ਲੈਣ ਦੇ ਸਰਕਾਰੀ ਦਾਅਵੇ ਝੂਠੇ ਪੈ ਜਾਣ ਨਾਲ, ਸਗੋਂ ਸਰਕਾਰ ਦੀ ਹੇਠੀ ਹੋਵੇਗੀ। ਤੇ ਜੇ ਸਰਕਾਰ ਅਕਤੂਬਰ ਵਿਚ ਚੋਣਾਂ ਕਰਨ ਲਈ ਤਿਆਰ ਹੋ ਗਈ ਤਾਂ ਵਿਸ਼ੇਸ਼ ਅਦਾਲਤਾਂ ਜਾਰੀ ਰੱਖਣ ਅਤੇ ਹਜ਼ਾਰਾਂ ਲੋਕਾਂ ਨੂੰ ਜ਼ੇਲਾਂ ਵਿਚ ਰੱਖਣ ਵਾਲੀ ਗੱਲ ਮੁਸਕਲ ਹੋ ਜਾਏਗੀ। ਉਸ ਸੂਰਤ ਵਿਚ ਸਰਕਾਰ ਨੂੰ ਕਈ ਹੋਰ ਮੰਗਾਂ ਇਕਤਰਫਾ ਤੌਰ ਤੇ ਮੰਨਣੀਆਂ ਪੈਣਗੀਆਂ, ਜਿਹੜੀਆਂ ਸ੍ਰੀ ਰਾਜੀਵ ਗਾਂਧੀ ਹੁਣ ਕਹਿੰਦੇ ਹਨ ਅਸੀਂ ਨਹੀਂ ਮੰਨਣੀਆਂ।

ਗੁਰਿੰਦਰ ਕਾਂਡ ਹੋ ਜਾਣ ਅਤੇ ਕੁਝ ਕਾਂਗਰਸੀ ਆਗੂਆਂ ਉਤੇ ਅਤਿਵਾਦੀਆਂ ਦੀ ਸਹਾਇਤਾ ਕਰਨ ਦਾ ਦੋਸ਼ ਲੱਗਣ ਤੋਂ ਬਾਅਦ ਪੰਜਾਬ ਵਿਚ ਹਿੰਸਾ ਲਗਭਗ ਬੰਦ ਹੈ। ਹੁਣ ਚਾਹੀਦਾ ਹੈ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਪੰਜਾਬ ਦੇ ਹਿੰਦੂ ਵੀਰਾਂ ਨੂੰ ਨਾਲ ਲੈਣ ਅਤੇ ਪੰਜਾਬ ਦੇ ਬਾਹਰ ਸਿੱਖਾਂ ਦਾ ਬਿੰਬ ਸੁਧਾਰਨ ਦੀ ਮੁਹਿੰਮ ਜਾਰੀ ਰੱਖਦ ਫੇਰ ਸਰਕਾਰ ਨੂੰ ਹੋਰ ਝੁਕਣਾ ਪਵੇਗਾ ਤੇ ਅਕਾਲੀਆਂ ਦੀਆ ਮੰਗਾਂ ਵਿਚੋਂ ਕਈ ਹੋ ਰ ਮੰਗਾਂ ਆਪਣੇ ਆਪ ਪ੍ਰਵਾਨ ਹੋ ਜਾਣਗੀਆਂ। ਇਉਂ ਅਕਾਲੀ ਵਧੇਰੇ ਸਵੈ ਵਿਸ਼ਵਾਸ਼ ਨਾਲ ਚੋਣ ਮੈਦਾਨ ਵਿਚ ਕੁੱਦ ਸਕਣਗੇ ਤੇ ਜੇ ਉਹ ਹਿੰਦੂ ਵੀਰਾਂ ਦਾ ਕੁਝ ਭਾਗ ਆਪਣੇ ਨਾਲ ਲੈ ਲੈਣ ਤਾਂ ਉਹ ਅਵੱਸ਼ ਜਿਤ ਜਾਣਗੇ।

ਪੰਜਾਬ ਵਿਧਾਨ ਸਭਾ ਦੀ ਚੋਣ ਜਿਤਣੀ ਮਜ਼ਬੂਤ ਗੈਰ-ਕਾਂਗਰਸੀ ਸਰਕਾਰ ਗਠਤ ਕਰਨੀ ਅਤੇ ਚੋਣਾਂ ਜਿਤ ਕੇ ਕੇਂਦਰੀ ਸਰਕਾਰ ਨਾਲ ਗੱਲਬਾਤ ਦੀ ਮੇਜ਼ ਉਤੇ ਬੈਠਣਾ ਤੇ ਸੂਬਿਆਂ ਦੇ ਵਧੇਰੇ ਅਧਿਕਾਰਾਂ ਲਈ ਵਿਧਾਨਕ ਟੱਕਰ ਲੈਣੀ ਉਹ ਮਨੋ-ਵਿਗਿਆਨਕ ਜਿੱਤ ਹੈ, ਜੋ ਦੇਸ਼ ਭਰ ਦੇ ਸਿੱਖਾਂ ਦਾ ਖੁੱਸਿਆ ਵਕਾਰ ਬਹਾਲ ਕਰ ਸਕਦੀ ਹੈ। ਇਸ ਵੇਲੇ ਸੂਬਿਆਂ ਨੂੰ ਉਹ ਅਧਿਕਾਰ ਵੀ ਨਹੀਂ ਮਿਲ ਰਹੇ, ਜੋ ਵਿਧਾਨ ਵਿਚ ਮਿਲੇ ਹੋਏ ਹਨ। ਇਸ ਸਬੰਧ ਵਿਚ ਬੰਗਾਲ ਦੇ ਖਜ਼ਾਨਾ ਮੰਤਰੀ ਦੇ ਵਿਚਾਰ ਪੜ੍ਹਨਯੋਗ ਹਨ। ਸੂਬਿਆਂ ਲਈ ਵੱਧ ਅਧਿਕਾਰਾਂ ਦੇ

(ਬਾਕੀ ਪੰਨਾ 5 ਤੇ)

ਸ੍ਰੀਨਗਰ 'ਚ ਫਾਰੂਕ ਪਖੀਆਂ 'ਤੇ ਅਥਰੂ ਗੈਸ-65 ਫੱਟੜ

ਸ੍ਰੀਨਗਰ: ਪੁਲੀਸ ਨੇ ਇਥੇ ਸ਼ਹਿਰ ਦੇ ਦੋ ਇਲਾਕਿਆਂ ਵਿਚ ਸਰਕਾਰ ਵਿਰੋਧੀ ਵਿਖਾਵਿਆਂ ਵਿਚ ਹਿੰਸਕ ਝੜਪਾਂ ਹੋਣ ਪਿਛੋਂ ਭੀੜ ਨੂੰ ਖਿੰਡਾਉਣ ਲਈ ਹਵਾ ਵਿਚ ਪੰਜ ਗੋਲੀਆਂ ਚਲਾਈਆਂ। ਗੋਲੀ ਉਸ ਸਮੇਂ ਚਲਾਈ ਗਈ ਜਦੋਂ ਹਿੰਸਕ ਵਿਖਵਾਕਾਰੀਆਂ ਨੇ ਡਿਊਟੀ ਦੇ ਰਹੇ ਪੁਲੀਸ ਸਪਾਹੀਆਂ ਉਤੇ ਹਮਲਾ ਕੀਤਾ ਅਤੇ ਤਿੰਨ ਸਰਕਾਰੀ ਮੋਟਰ ਗੱਡੀਆਂ ਨੂੰ ਅੱਗ ਲਾਉਣ ਦੀ ਕੋਸ਼ਿਸ਼ ਕੀਤੀ।

ਵਿਖਾਵਾਕਾਰੀਆਂ ਤੇ ਪੁਲੀਸ ਵਿਚ ਜੰਮ ਕੇ ਲੜਾਈ ਹੋਈ ਜਿਸ ਦੇ ਸਿੱਟੇ ਵਜੋਂ 65 ਬੰਦੇ ਜ਼ਖਮੀਂ ਹੋ ਗਏ ਜਿਨ੍ਹਾਂ ਵਿਚ 15 ਪੁਲੀਸ ਕਰਮਚਾਰੀ ਵੀ ਹਨ।

ਪਤਾ ਲਗਾ ਹੈ ਕਿ ਵਿਖਾਵਾਕਾਰੀ ਇਹ ਰੋਸ ਪਰਗਟ ਕਰ ਰਹੇ ਸਨ ਕਿ ਰਾਜ ਸਰਕਾਰ ਉਨ੍ਹਾਂ ਲੋਕਾਂ ਨੂੰ ਸਾਹਮਣੇ ਲਿਆਉਣ ਵਿਚ ਅਸਫਲ ਰਹੀ ਹੈ। ਜਿਨ੍ਹਾਂ ਨੇ ਸ਼ੁੱਕਰਵਾਰ ਨੂੰ ਸਾਬਕਾ ਤੁਖ ਮੰਤਰੀ ਫਾਰੂਕ ਅਬਦੁੱਲਾ ਉਤੇ ਹਮਲਾ ਕੀਤਾ।

ਸ਼ਹਿਰ ਦੇ ਨੌਵੱਟਾ ਅਤੇ ਬੋਹੜੀ ਕਦਲ ਇਲਾਕਿਆਂ ਵਿਚ ਸਥਿਤੀ ਤਣਾਓ ਵਾਲੀ ਹੈ ਕਿਉਂਕਿ ਦੋ ਅਣਪਛਾਤੇ ਵਿਅਕਤੀਆਂ ਨੇ ਨੌਵੱਟਾ ਨੇੜੇ ਦੋ ਪਾਕਿਸਤਾਨੀ ਝੰਡੇ ਲਹਿਰਾ ਦਿੱਤੇ। ਇਸ ਪਿਛੋਂ ਪੁਲੀਸ ਤੇ ਬੇਕਾਬੂ ਭੀੜ ਵਿਚ ਸਖਤ ਮੁਕਾਬਲਾ ਹੋਇਆ। ਪੁਲੀਸ ਨੇ ਦੋਵਾਂ ਇਲਾਕਿਆਂ ਵਿਚ ਅਥਰੂ ਗੈਸ ਦੇ ਅਣਗਿਣਤ ਗਲੇ ਸੁੱਟੇ।

ਜ਼ਖਮੀਆਂ ਵਿਚੋਂ ਚਾਰ ਦੀ ਹਾਲਤ ਗੰਭੀਰ ਦੱਸੀ ਜਾਂਦੀ ਹੈ।

ਇਹ ਸਿਤਾਰੇ ਜ਼ੁਲਫ ਸੰਦਲੀ ਦੇ ਨਹੀਂ ਕਾਬਲ ਰਹੇ,
ਚਾਨਣੀ ਵੀ ਚੰਨ ਦੀ ਹੈ, ਦਹਿਕਦਾ ਰੇਗਸਤਾਨ.

(ਪੰਨਾ 4 ਦੀ ਬਾਕੀ)

ਹੱਕ 'ਚ ਆਂਧਰਾ, ਕਰਨਾਟਕ, ਬੰਗਾਲ ਤੇ ਆਸਾਮ ਦੇ ਛੋਟੇ ਪ੍ਰਦੇਸ਼ਾਂ ਵਿਚ ਪਹਿਲਾਂ ਹੀ ਹਵਾ ਬਣੀ ਹੋਈ ਹੈ। ਖਾਸ ਤੌਰ ਤੇ ਆਰਥਿਕ ਤੇ ਵਿਤੀ ਸਾਧਨਾਂ ਦੀ ਨਿਆਇਕਾਰੀ ਵੰਡ ਲਈ ਬਹੁਤ ਜ਼ੋਰਦਾਰ ਮੰਗ ਹੈ। ਇਸ ਕਰਕੇ ਅਕਾਲੀ ਪੰਜਾਬ ਵਿਚ ਸਰਕਾਰ ਬਣਾ ਕੇ ਕੇਂਦਰ ਅਕਾਲੀ ਪੰਜਾਬ ਵਿਚ ਸਰਕਾਰ ਬਣਾ ਕੇ ਕੇਂਦਰ ਨਾਲ ਵਿਧਾਨਕ ਟੱਕਰ ਲੈ ਸਕਦੇ ਹਨ।

ਵੰਗਾਰਾਂ

ਮੁਸ਼ਕਲ ਇਹ ਹੈ ਕਿ ਸਿੱਖ ਨੇਤਾ ਉਨੇ ਚੁਸਤ ਨਹੀਂ, ਜਿਨੀਆਂ ਵੱਡੀਆਂ ਵੰਗਾਰਾਂ ਉਨ੍ਹਾਂ ਨੇ ਖੜੀਆਂ ਕਰ ਲਈਆਂ ਹਨ। ਇਸ ਕਰਕੇ ਠੀਕ ਕਰ ਲਈਆਂ ਹਨ। ਇਸੇ ਕਰਕੇ ਇਹ ਹੋਵੇਗਾ ਕਿ ਸ. ਪ੍ਰਕਾਸ਼ ਸਿੰਘ ਬਾਦਲ, ਸੰਤ ਲੌਂਗੋਵਾਲ ਨਾਲ ਮੋਢਾ ਜੋੜਨ। ਸ. ਸੁਰਜੀਤ ਸਿੰਘ ਬਰਨਾਲਾ, ਸ. ਬਲਵੰਤ ਸਿੰਘ ਤਾਂ ਸੰਤ ਲੌਂਗੋਵਾਲ ਦੇ ਨਾਲ ਹੀ ਹਨ। ਪਰ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਆਪਣੇ ਨਾਲ "ਬੁੱਧੀਮਾਨਾਂ ਦਾ ਟਰਸਟ" ਖੜ੍ਹਾ ਕਰਨਾ ਚਾਹੀਦਾ ਹੈ। ਪੰਜਾਬ ਦੇ ਬਿਹਤਰੀਨ ਦਿਮਾਗ ਉਨ੍ਹਾ ਦੇ ਸਲਾਹਕਾਰ ਹੋਣ। ਇਸੇ ਵਿਚ ਹੀ ਪੰਜਾਬ ਦਾ ਅਤੇ ਸਮੁੱਚੇ ਸਿੱਖਾਂ ਦਾ ਭਲਾ ਹੈ।

ਡਾ. ਚੌਹਾਨ ਦੀ ਪਤਨੀ ਦੇ ਪਾਸਪੋਰਟ ਦੀ ਬਹਾਲੀ 'ਤੇ ਸੁਪਰੀਮ ਕੋਰਟ ਵਲੋਂ ਰੋਕ

ਨਵੀਂ ਦਿਲੀ: ਸੁਪਰੀਮ ਕੋਰਟ ਨੇ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਉਸ ਆਦੇਸ਼ 'ਤੇ ਅਮਲ ਉਤੇ ਰੋਕ ਲਗਾ ਦਿਤੀ ਜਿਸ ਵਿਚ ਪਾਸਪੋਰਟ ਅਧਿਕਾਰੀਆਂ ਨੂੰ ਕਿਹਾ ਗਿਆ ਸੀ ਕਿ ਉਹ ਨਾਮ-ਨਿਹਾਦ ਖਾਲਿਸਤਾਨ ਰੀਪਬਲਿਕ ਦੇ ਅਖੌਤੀ ਪ੍ਰਧਾਨ ਡਾ. ਜਗਜੀਤ ਸਿੰਘ ਚੌਹਾਨ ਦੀ ਪਤਨੀ ਚਰਨਜੀਤ ਕੌਰ ਦਾ ਪਾਸਪੋਰਟ ਬਹਾਲ ਕਰ ਦੇਣ। ਸ੍ਰੀਮਤੀ ਚਰਨਜੀਤ ਕੌਰ ਨੇ ਹਾਈਕਰਟ ਵਿਚ ਦਾਇਰ ਇਕ ਰਿੱਟ ਪਟੀਸ਼ਨ ਵਿਚ ਕਿਹਾ ਸੀ ਕਿ ਉਸ ਦਾ ਪਾਸਪੋਰਟ ਬਹਾਲ ਕੀਤਾ ਜਾਵੇ ਕਿਉਂਕਿ ਉਹ ਡਾਕਟਰੀ ਇਲਾਜ ਲਈ ਬਰਤਾਨੀਆਂ ਜਾਣਾ ਚਾਹੁੰਦੀ ਹੈ।

ਹਾਇਕੋਰਟ ਦੇ ਹੁਕਮ 'ਤੇ ਅਮਲ ਉਤੇ ਰੋਕ ਦਾ ਆਦੇਸ਼ ਸੁਪਰੀਮ ਕੋਰਟ ਦੇ ਜਸਟਿਸ ਰੰਗਨਾਥ ਮਿਸ਼ਰਾ ਦੀ ਸ਼ਮੂਲੀਅਤ ਵਾਲੇ ਇਕ ਡਵੀਜ਼ਨ ਬੈਂਚ ਨੇ ਦਿਤਾ। ਬੈਂਚ ਨੇ ਇਸ ਦੇ ਨਾਲ ਹੀ ਭਾਰਤ ਸਰਕਾਰ ਤੇ ਮੁਖ ਪਾਸਪੋਰਟ ਅਫਸਰ ਨੂੰ ਹਾਈਕੋਰਟ ਦੇ ਆਦੇਸ਼ ਵਿਰੁਧ ਅਪੀਲ ਕਰਨ ਦੀ ਇਜ਼ਾਜ਼ਤ ਵੀ ਦੇ ਦਿਤੀ।

ਬੈਂਚ ਨੇ ਸ੍ਰੀਮਤੀ ਚਰਨੀਜੀਤ ਕੌਰ ਵਲੋਂ ਦੋਹਾਂ ਬਿਨੈਕਰਾਂ ਵਿਰੁਧ ਦਾਇਰ ਅਦਾਲਤੀ ਮਾਨਹਾਨੀ ਦੀ ਪਟੀਸ਼ਨ 'ਤੇ ਅਗਲੀ ਕਾਰਵਾਈ ਉਤੇ ਵੀ ਰੋਕ ਲਗਾ ਦਿਤੀ। ਸ੍ਰੀਮਤੀ ਚਰਨਜੀਤ ਕੌਰ ਨੇ ਆਪਣੀ ਅਰਜ਼ੀ ਵਿਚ ਦੋਸ਼ ਲਗਾਇਆ ਸੀ ਕਿ ਦੋਹਾਂ ਬਿਨੈਕਾਰਾਂ ਨੇ ਹਾਈਕੋਰਟ ਦੇ 13 ਮਈ ਦੇ ਹੁਕਮਾਂ ਦੀ ਤਾਮੀਲ ਨਾ ਕਰਕੇ ਅਦਾਲਤੀ ਮਾਨਹਾਨੀ ਕੀਤੀ ਹੈ।

ਸ੍ਰੀਮਤੀ ਚਰਨਜੀਤ ਕੌਰ, ਜੋ ਕਿ ਹੁਸ਼ਿਆਰਪੁਰ ਜ਼ਿਲੇ ਦੇ ਟਾਂਡੇ ਕਸਬੇ ਦੀ ਰਹਿਣ ਵਾਲੀ ਹੈ, ਨੇ ਪਿਛਲੇ ਸਾਲ 18 ਅਗਸਤ ਨੂੰ ਲੰਡਨ ਜਾਣ ਲਈ ਹਵਾਈ ਜਹਾਜ਼ ਵਿਚ ਸੀਟ ਬੁੱਕ ਕਰਵਾਈ ਸੀ। ਉਹ ਗੁਰਦੇ ਦੀ ਗੰਭੀਰ ਮਰਜ਼ ਦੇ ਇਲਾਜ ਲਈ ਲੰਡਨ ਜਾਣਾ ਚਾਹੁੰਦੀ ਸੀ। ਪਰ ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਨੇ ਉਸ ਨੂੰ ਦਿਲੀ ਹਵਾਈ ਅੱਡੇ 'ਤੇ ਇਸ ਅਧਾਰ 'ਤੇ ਰੋਕ ਲਿਆ ਕਿ ਰੀਜਨਲ ਪਾਸਪੋਰਟ ਅਫਸਰ ਨੇ ਉਸ ਦਾ ਪਾਸਪੋਰਟ ਜ਼ਬਤ ਕਰਨ ਦਾ ਹੁਕਮ ਦਿਤਾ ਹੈ।

ਉਸ ਨੇ ਆਪਣੇ ਪਾਸਪੋਰਟ ਦੀ ਬਹਾਲੀ ਲਈ ਪਾਸਪੋਰਟ ਅਧਿਕਾਰੀਆਂ ਕੋਲ ਦੋ ਵਾਰ ਅਪੀਲਾਂ ਕੀਤੀਆਂ, ਜੋ ਅਸਫਲ ਰਹੀਆਂ। ਇਸ 'ਤੇ ਉਸਨੇ ਹਾਈ ਕੋਰਟ ਵਿਚ ਰਿਟ ਪਟੀਸ਼ਨ ਦਾਇਰ ਕਰ ਦਿਤੀ। ਹਾਈਕੋਰਟ ਨੇ ਰੀਜਨਲ ਪਾਸਪੋਰਟ ਅਫਸਰ ਦੇ ਹੁਕਮ ਨੂੰ ਰੱਦ ਕਰਦਿਆਂ ਪਾਸਪੋਰਟ ਦੀ ਬਹਾਲੀ ਦਾ ਹੁਕਮ ਦਿਤਾ।

ਸੁਪਰੀਮ ਕੋਰਟ ਵਿਚ ਹਾਈ ਕੋਰਟ ਦੇ ਆਦੇਸ਼ ਵਿਰੁਧ ਵਿਸ਼ੇਸ਼ ਲੀਵ ਪਟੀਸ਼ਨ 'ਤੇ ਬਹਿਸ ਦੌਰਾਨ ਭਾਰਤ ਸਰਕਾਰ ਦੇ ਐਡੀਸ਼ਨਲ ਸਾਲਿਸਟਰ ਜਨਰਲ ਨੇ ਦਲੀਲ ਦਿਤੀ ਕਿ ਹਾਈ ਕੋਰਟ ਨੇ ਸ੍ਰੀਮਤੀ ਚਰਨਜੀਤ ਕੌਰ ਦਾ ਦਾਅਵਾ ਪ੍ਰਵਾਨ ਕਰਨ ਲੱਗਿਆਂ ਵੱਖ ਵੱਖ ਹਾਲਤਾਂ ਨੂੰ ਧਿਆਨ ਵਿਚ ਨਹੀਂ ਰਖਿਆ।

ਵਿਸ਼ੇਸ਼ ਅਦਾਲਤਾਂ ਦੀ ਮਿਆਦ ਵਧਣ ਦੀ ਆਸ

ਚੰਡੀਗੜ੍ਹ: (ਗਿਆਨੀ ਹਰੀ ਸਿੰਘ) — ਕੇਂਦਰੀ ਸਰਕਾਰ ਪੰਜਾਬ ਸਬੰਧੀ ਬਣੀਆਂ ਅਦਾਲਤਾਂ ਦੀ ਮਿਆਦ ਹੋਰ ਵਧਾਉਣ ਸਬੰਧੀ ਵਿਚਾਰ ਕਰ ਰਹੀ ਹੈ ਜੋ 25 ਜੁਲਾਈ ਨੂੰ ਖਤਮ ਹੋ ਰਹੀ ਹੈ ਅਤੇ ਇਸ ਸਬੰਧੀ ਕੇਂਦਰੀ ਗ੍ਰਹਿ ਮੰਤਰਾਲੇ ਨੇ ਪੰਜਾਬ ਸਰਕਾਰ ਤੋਂ ਰਾਏ ਮੰਗੀ ਹੈ ਜੋ ਰਾਜ ਸਰਕਾਰ ਨੇ ਭੇਜ ਦਿਤੀ ਹੈ।

ਇਸ਼ ਵੇਲੇ ਡੇਢ ਦਰਜਨ ਵਿਸ਼ੇਸ਼ ਅਦਾਲਤਾਂ ਕਥਿਤ ਦਹਿਸ਼ਤਪਸੰਦਾਂ, ਹਿੰਸਕ ਵਾਰਦਾਤਾਂ ਤੇ ਤੋੜ-ਫੋੜ ਕਰਨ, ਦੇਸ਼ ਵਿਰੋਧੀ ਸਰਗਰਮੀਆਂ ਅਤੇ ਵਖਵਾਦੀ ਭੜਕਾਹਟ ਪੈਦਾ ਕਰਨ ਦੇ ਕਥਿਤ ਦੋਸ਼ੀਆਂ ਅਤੇ ਨਜਾਇਜ਼ ਹਥਿਆਰ ਰੱਖਣ ਵਾਲਿਆਂ ਵਿਰੁਧ ਕਾਰਵਾਈਆਂ ਰੱਖਣ ਵਾਲਿਆਂ ਵਿਰੁਧ ਕਾਰਵਾਈ ਕਰ ਰਹੀਆਂ ਹਨ ਜਿਨ੍ਹਾਂ ਵਿਚੋਂ 12 ਪੰਜਾਬ ਵਿਚ, ਇਕ ਚੰਡੀਗੜ੍ਹ ਅਤੇ ਬਾਕੀ ਅਜਮੇਰ ਤੇ ਜੋਧਪੁਰ ਆਦਿ ਥਾਵਾਂ 'ਤੇ ਹਨ। ਕਾਨੂੰਨ ਮੁਤਾਬਿਕ ਇਨ੍ਹਾਂ ਅਦਾਲਤਾਂ ਦੇ ਫੈਸਲਿਆਂ ਵਿਰੁਧ ਕੇਵਲ ਸੁਪਰੀਮ ਕੋਰਟ ਵਿਚ ਅਪੀਲ ਹੋ ਸਕਦੀ ਹੈ ਜੋ ਫੈਸਲੇ ਤੋਂ ਬਾਅਦ 30 ਦਿਨਾਂ ਦੇ ਅੰਦਰ ਹੀ ਕੀਤੀ ਜਾ ਸਕਦੀ ਹੈ। ਹਾਈਕੋਰਟ ਇਨ੍ਹਾਂ ਫੈਸਲਿਆਂ ਵਿਚ ਦਖਲ ਨਹੀਂ ਦੇ ਸਕਦੀ।

ਉੱਚ ਸਰਕਾਰੀ ਸੂਤਰਾਂ ਅਨੁਸਾਰ ਪੰਜਾਬ ਦੇ ਰਾਜਪਾਲ ਸ੍ਰੀ ਅਰਜਨ ਸਿੰਘ ਦਾ ਵਿਚਾਰ ਹੈ ਕਿ ਇਨ੍ਹਾਂ ਅਦਾਲਤਾਂ ਦੀ ਮਿਆਦ ਹੋਰ ਨਾ ਵਧਾਈ ਜਾਵੇ ਅਤੇ ਜਿਹੜੇ ਕੇਸ ਇਨ੍ਹਾਂ ਅਦਾਲਤਾਂ ਨੂੰ ਸੌਂਪੇ ਜਾ ਚੁੱਕੇ ਹਨ, ਉਨ੍ਹਾਂ ਦੇ ਫੈਸਲੇ ਕਰਨ ਦਾ ਅਧਿਕਾਰ ਇਨ੍ਹਾਂ ਅਦਾਲਤਾਂ ਨੂੰ ਹੀ ਦਿਤਾ ਜਾਵੇ। ਇਨ੍ਹਾਂ ਸੂਤਰਾਂ ਅਨੁਸਾਰ ਇਨ੍ਹਾਂ ਅਦਾਲਤਾਂ ਕੋਲ ਚਾਰ ਹਜ਼ਾਰ ਦੇ ਲਗਭਗ ਕੇਸ ਪੈਂਡਿੰਗ ਹਨ ਜਿਨ੍ਹਾਂ ਬਾਰੇ ਸੁਣਵਾਈ ਹੋ ਰਹੀ ਹੈ ਜਦ ਕਿ ਇਤਨੇ ਹੀ ਕੇਸਾਂ ਦੇ ਫੈਸਲੇ ਇਹ ਅਦਾਲਤਾਂ ਹੁਣ ਤਕ ਸੁਣਾ ਚੁੱਕੀਆਂ ਹਨ।

ਪਤਾ ਲੱਗਾ ਹੈ ਕਿ ਰਾਜ ਸਰਕਾਰ ਨੇ ਕੇਂਦਰ ਨੂੰ ਭੇਜੀਆਂ ਆਪਣੀਆਂ ਤਜਵੀਜਾਂ ਦੀ ਮਿਆਦ ਵਧਾਉਣ ਦੀ ਥਾਂ ਦਹਿਸ਼ਤਪ੍ਰਸਤੀ ਵਿਰੁਧੀ ਕਾਨੂੰਨ ਹੇਠ ਜੋ ਨਵੀਆਂ ਅਦਾਲਤਾਂ ਗਠਨ ਕੀਤੀਆਂ ਗਈਆਂ ਹਨ, ਅੱਗੇ ਤੋਂ ਪਕੜੇ ਜਾਣ ਵਾਲਹੇ ਕਥਿਤ ਦੋਸ਼ੀਆਂ ਵਿਰੁਧ ਉਹ ਕਾਰਵਾਈ ਕਰਨ।

ਉੱਚ ਸਰਕਾਰੀ ਸੂਤਰਾਂ ਤੋਂ ਇਹ ਸਪੱਸ਼ਟ ਹੋਇਆ ਹੈ ਕਿ ਸਰਕਾਰ ਹਾਲੇ ਇਹ ਕਾਨੂੰਨ ਵਾਪਸ ਲੈਣ ਦਾ ਇਰਾਦਾ ਨਹੀਂ ਰਖਦੀ ਅਤੇ ਜਦੋਂ ਤਕ ਅਕਾਲੀ ਦਲ ਨਾਲ ਸਮਝੌਤਾ ਹੋਕੇ ਪੰਜਾਬ ਮਸਲੇ ਦਾ ਕੋਈ ਹੱਲ ਨਹੀਂ ਨਿਕਲਦਾ ਤਦ ਤਕ ਵੱਖ ਵੱਖ ਦੋਸ਼ਾਂ ਹੇਠ ਗ੍ਰਿਫਤਾਰ ਵਿਅਕਤੀਆਂ ਦੀ ਆਮ ਰਿਹਾਈ ਵੀ ਨਹੀਂ ਕੀਤੀ ਜਾਵੇਗੀ।

ਪੰਜਾਬ ਸਰਕਾਰ ਨੇ ਪਿਛੇ ਜਿਹੇ 1250 ਨਿਰਦੋਸ਼ ਵਿਅਕਤੀ ਰਿਹਾਅ ਕਰਨ ਦਾ ਜੋ ਫੈਸਲਾ ਕੀਤਾ ਸੀ ਸਰਕਾਰੀ ਸੂਤਰਾਂ ਅਨੁਸਾਰ ਉਹ ਰਿਹਾਅ ਕਰ ਦਿਤੇ ਗਏ ਹਨ ਪਰ ਅਕਾਲੀ ਨੇਤਾਵਾਂ ਦਾ ਕਹਿਣਾ ਹੈ ਕਿ ਇਹ ਰਿਹਾਈਆਂ ਨਹੀਂ ਹੋਈਆਂ ਕੇਵਲ ਪ੍ਰਚਾਰ ਹੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਰਕਾਰ ਰਿਹਾਅ ਕੀਤੇ ਵਿਅਕਤੀਆਂ ਦੀ ਸੂਚੀ ਛਾਪੇ ਤਾਂ ਉਨ੍ਹਾਂ ਦੇ ਪਰਿਵਾਰਾਂ ਤਕ ਇਹ ਖੁਸ਼ਖਬਰੀ ਪਹੁੰਚ ਸਕੇ।

ਮੁੱਖਤਨਾਮੇ

ਕੈਨੇਡਾ ਦਰਪਣ ਨੇ ਮਨ ਨੂੰ ਢਾਰਸ ਦਿਤਾ

ਪਿਆਰੇ ਦਰਸ਼ਨ ਗਿੱਲ,

ਸਤਿ ਸ੍ਰੀ ਅਕਾਲ ।

ਤੁਹਾਡੇ ਪਰਚੇ ਨੇ ਮਨਾਂ ਨੂੰ ਬੜਾ ਢਾਰਸ ਦਿਤਾ ਹੈ ਕਿ ਪੰਜਾਬ ਦੇ ਮਸਲੇ ਨੂੰ ਸੁਲਝਾਉਣ ਲਈ ਹੁਣ ਫਿਰ ਕੁਝ ਹਰਕਤ ਹੋਈ ਹੈ। ਮੇਰਾ ਖਿਆਲ ਹੈ ਸਰਕਾਰ ਨੂੰ ਮਸਲਾ ਹੱਲ ਕਰਨ ਲਈ ਪਹਿਲ ਵੀ ਕਰਨੀ ਚਾਹੀਦੀ ਹੈ ਅਤੇ ਤੇਜੀ ਵੀ। ਦੇਰੀ ਹੋਣ ਨਾਲ ਫਿਰ ਕੋਈ ਉਪਦਰ ਖੜਾ ਹੋਣ ਦਾ ਡਰ ਹੈ। ਤੁਹਾਡਾ ਪਰਚਾ ਪੜ੍ਹ ਕੇ ਪਤਾ ਲਗਦਾ ਹੈ ਕਿ ਪੰਜਾਬ ਵਿਚ ਅਮਨ ਸਥਾਪਤ ਹੋ ਰਿਹਾ ਹੈ। ਸੰਤ ਲੌਂਗੋਵਾਲ ਦੇ ਤਕੜੇ ਸਟੈਂਡ ਲੈਣ ਨਾਲ ਹਿੰਦੂ-ਸਿਖ ਏਕਤਾ ਦਾ ਨਾਅਰਾ ਉੱਚਾ ਕਰਨ ਨਾਲ ਕਾਫੀ ਸ਼ਾਂਤੀ ਵਾਲਾ ਮਹੌਲ ਬਣਦਾ ਜਾ ਰਿਹਾ ਹੈ। ਹੁਣ ਤਾਂ ਤਲਵੰਡੀ ਹੋਰੀਂ ਹੀ ਭੜਥੂ ਪਾ ਰਹੇ ਹਨ ।

ਏਥੇ ਦਾ ਖਾਲਿਸਤਾਨੀ ਅਖਬਾਰ ਪੜ੍ਹਿਆਂ ਬਿਲਕੁਲ ਦੂਜੀ ਤਸਵੀਰ ਨਜ਼ਰ ਆਉਂਦੀ ਹੈ ਜਿਵੇਂ ਫਿਰ ਅੱਗ ਲੱਗੀ ਕਿ ਲੱਗੀ। ਇਨ੍ਹਾਂ ਲੋਕਾਂ ਨੂੰ ਮੂਰਖ ਕਹਿਣਾ ਠੀਕ ਹੈ। ਕਿਉਂ ਕਿ ਮੂਰਖ ਆਪਣੇਂ ਪੈਰੀਂ ਕੁਹਾੜਾ ਮਾਰ ਕੇ ਪੈਰ ਪਾੜ ਕੇ ਬਹਿੰਦੇ ਹਨ। ਇਨ੍ਹਾਂ ਜੋ ਨੁਕਸਾਨ ਕੀਤਾ ਉਹ ਸਿੱਖਾਂ ਦਾ ਹੀ ਕੀਤਾ ਹੈ। ਹਾਲੇ ਹੋਰ ਕਰਵਾਉਣਾ ਚਾਹੁੰਦੇ ਹਨ। ਵਾਹਿਗੁਰੂ ਇਨ੍ਹਾਂ ਨੂੰ ਸਮੱਤ ਬਖਸ਼ੇ ਤਾਂ ਬਖਸੇ ਹੋਰ ਕਿਸੇ ਦੇ ਸਮਝਾਇਆਂ ਇਨ੍ਹਾਂ ਕੀ ਸਮਝਣਾ ਹੈ ।

ਆਪ ਦਾ ਸ਼ੁਭਚਿੰਤਕ
ਕਰਤਾਰ ਸਿੰਘ ਧਾਲੀਵਾਲ
ਕੈਲਗਰੀ

ਕੈਨੇਡਾ ਦਰਪਣ ਨੇ ਵਿਸ਼ੇਸ਼ ਥਾਂ ਬਣਾ ਲਈ ਹੈ

ਪਿਆਰੇ ਐਡੀਟਰ,

ਕੈਨੇਡਾ ਦਰਪਣ ਭਾਰਤੀ ਕਮਿਊਨਿਟੀ ਵਿਚ ਇਸ ਪੰਜਾਬੀ ਪਰਚੇ ਨੇ ਇਕ ਵਿਸ਼ੇਸ਼ ਥਾਂ ਬਣਾ ਲਈ ਹੈ। ਜਿਸ ਦਾ ਸੇਹਰਾ ਤੁਹਾਡੀ ਨਿਰਪੱਖ ਪਤਰਕਾਰੀ ਦੇ ਸਿਰ ਹੈ। "ਦਹਿਸ਼ਤ ਪਸੰਦੀ ਦਾ ਕੋਹੜ" ਐਡੀਟੋਰੀਅਲ ਲਿਖਣ ਲਈ ਤੁਸੀਂ ਵਧਾਈ ਦੇ ਪਾਤਰ ਹੋ। ਇਸਦੇ ਨਾਲ ਹੀ ਆਸ ਕਰਦਾ ਹਾਂ ਅਤੇ ਪ੍ਰਾਰਥਨਾ ਵੀ ਕਰਦਾ ਹਾਂ ਤੁਹਾਡੇ ਸਮਕਾਲੀ ਨੂੰ ਵੀ ਕੋਈ ਕੰਮ ਦੀ ਗਲ ਲਿਖਣ ਦੀ ਅਕਲ ਆ ਜਾਵੇ ਜਾਂ ਫਿਰ ਆਪਣੇ ਪਰਚੇ ਦਾ ਨਾਂ ਬਦਲ ਕੇ ਖਾਲੀ-ਕਨੇਡੀਅਨ ਰਖ ਲਵੇ ਤਾਂ ਇਸ ਉਸਨੂੰ ਬਹੁਤ ਢੁਕੇਗਾ ।

ਆਪ ਦਾ ਸ਼ੁਭਚਿੰਤਕ
ਹਰਦੀਪ ਕੈਂਮਲੂਪਸ

ਕੇਸਰ ਸਿੰਘ ਵਲੋਂ ਲਿਖੀਆਂ ਗੱਲਾਂ ਅਮਲ ਕਰਨ ਵਾਲੀਆਂ ਹਨ

ਸੰਪਾਦਕ ਜੀ,

ਮੈਂ ਕੈਨੇਡਾ ਦਰਪਣ ਕਾਫੀ ਸਮੇਂ ਤੋਂ ਪੜ੍ਹਦਾ ਹਾਂ । ਪਹਿਲਾਂ ਤੁਸੀਂ ਹਰਭਜਨ ਹਾਂਸ ਦੀ ਕਹਾਣੀ ਛਾਪਦੇ ਹੁੰਦੇ ਸੀ। ਹੁਣ ਕਦੀ ਕਿਉਂ ਨਹੀਂ ਛਾਪੀ। 26 ਜੁਲਾਈ ਵਾਲੇ ਪਰਚੇ ਵਿਚ ਕੇਸਰ ਸਿੰਘ ਨਾਵਲਿਸਟ ਵਲੋਂ ਬਹੁਤ ਸ਼ਾਨਦਾਰ ਗੱਲਾਂ ਲਿਖੀਆਂ ਗਈਆਂ ਸਨ । ਉਹ ਗੱਲਾਂ ਅਮਲ ਕਰਨ ਵਾਲੀਆਂ ਹਨ । ਜੇ ਸਾਰੇ ਹੀ ਉਨ੍ਹਾਂ ਨੂੰ ਪੜ੍ਹ ਕੇ ਸਮਝਣ ਫਿਰ ਜ਼ਿੰਦਗੀ ਵਿਚ ਧਾਰਨ ਕਰਨ ਤਾਂ ਬਹੁਤ ਫਰਕ ਪੈ ਸਕਦਾ ਹੈ ।

ਤੁਸੀਂ 'ਸਿਆਸੀ ਘਰੂਟ' ਜਰੂਰ ਛਾਪਿਆ ਕਰੋ। ਉਸ ਤੋਂ ਸਾਰੀਆਂ ਖਬਰਾਂ ਦਾ ਨਿਚੋੜ ਵੀ ਮਿਲ ਜਾਂਦਾ ਹੈ। ਸ਼ੁਗਲ ਵੀ ਹੋ ਜਾਂਦਾ ਹੈ। ਇਸ ਵਾਲੇ ਅਖਬਾਰ ਵਿਚ 'ਸਿਆਸੀ ਘਰੂਟ' ਮੈਨੂੰ ਲੱਭੇ ਨਹੀਂ । ਅੱਗੋਂ ਨੂੰ ਜ਼ਰੂਰ ਛਾਪਣਾ ।

ਦਰਸ਼ਨ ਸਿੰਘ ਸਿੱਧੂ
ਵੈਨਕੂਵਰ

ਰੂਪ ਰੇਖਾ ਨਿੱਖਰ ਰਹੀ ਹੈ

ਪਿਆਰੇ ਐਡੀਟਰ ਜੀ,

ਤੁਹਾਡਾ 26 ਜੁਲਾਈ ਦਾ ਅੰਕ ਅਜ ਹੀ ਡਾਕ ਰਾਹੀਂ ਪ੍ਰਾਪਤ ਹੋਇਆ। ਪਰਚੇ ਦੀ ਰੂਪ ਰੇਖਾ ਦਿਨ ਪ੍ਰਤੀ ਦਿਨ ਨਿਖਰ ਰਹੀ ਹੈ ਅਤੇ ਤੁਹਾਡਾ ਪਤਰਕਾਰੀ ਮਿਆਰ ਹੋਰ ਉੱਚਾ ਹੋ ਰਿਹਾ ਹੈ, ਇਸ ਪਰਚੇ ਦਾ ਐਡੀਟੋਰੀਅਲ ਇਸ ਦੀ ਤਾਜਾ ਮਿਸਾਲ ਹੈ ਇਸ ਤਰ੍ਹਾਂ ਦਾ ਐਡੀਟੋਰੀਅਲ ਜੋ ਸਚਾਈ ਨੂੰ ਪੂਰੀ ਤਰ੍ਹਾਂ ਨਿਖੇਰਦਾ ਹੋਵੇ ਲਿਖਣ ਲਈ ਤੁਸੀਂ ਵਧਾਈ ਦੇ ਪਾਤਰ ਹੋ ।

ਆਸ ਕਰਦਾ ਹਾਂ ਇਹ ਰੁਚੀ ਆਉਣ ਵਾਲੇ ਪਰਚਿਆਂ ਵਿਚ ਵੀ ਜ਼ਾਰੀ ਰਖੋਗੇ । ਪਰਚੇ ਦਾ ਮੈਟੀਰੀਅਲ ਜਿਵੇਂ ਕਿ ਕਾਮਰੇਡ ਸੁਰਜੀਤ ਹੋਰਾਂ ਦੁਆਰਾ "ਪੰਜਾਬ ਦੇ ਸਬਕ" ਲੜੀਵਾਰ ਨੂੰ ਛਾਪਣਾ ਇਕ ਬਹੁਤ ਹੀ ਵਿਵੇਕ ਪੂਰਣ ਹੈ। ਇਸ ਤਰ੍ਹਾਂ ਹੋਰ ਬਾਕੀ "ਸਾਹਿਤ ਦਰਪਣ" ਅਤੇ "ਫਿਲਮ ਦਰਪਣ" ਵੀ ਕਾਫੀ ਰੋਚਕ ਹਨ ਪਰਚੇ ਵਿਚ, ਪਰ ਜੇ ਫਿਲਮ ਦਰਪਣ ਵਿਚ ਤੁਸੀਂ ਹੋਰ ਸੁਲਝੇ ਹੋਏ ਕਲਾਕਾਰਾਂ ਵਾਰੇ ਅਤੇ ਮਾਨਵਤਾਵਾਦੀ ਫਿਲਮਾਂ ਵਾਰੇ ਕੁਝ ਨਾ ਕੁਝ ਦਿੰਦੇ ਰਹੋ ਤਾਂ ਚੰਗੀ ਗਲ ਹੈ।

ਸੁਭ ਕਾਮਨਾਵਾਂ ਸਹਿਤ

ਆਪ ਦਾ ਪਾਠਕ
ਇਕਬਾਲ ਕਾਹਲੋਂ

ਕਵੀ

■ ਇਹ ਕਵੀ ਦੇ ਕੰਮ ਦਾ ਇਕ ਹਿੱਸਾ ਹੈ ਕਿ ਉਹ ਹਰ ਆਦਮੀ ਨੂੰ, ਉਹ ਕੁਝ ਵੇਖਣ ਦੇ ਯੋਗ ਬਣਾਏ ਜੋ ਕੁਝ (ਆਦਮੀ) ਦੇਖਦਾ ਤਾਂ ਹੈ ਪਰ ਜਾਣਦਾ ਨਹੀਂ ਕਿ ਕੀ ਵੇਖਦਾ ਹੈ?

— ਐਡਿਥ ਸਿਟਵੈਲ

ਪਰਚਾ ਸੁਥਰਾ ਹੈ

ਪਿਆਰੇ ਦਰਸ਼ਨ,

ਤੇਰਾ ਪਰਚਾ "ਕੈਨੇਡਾ ਦਰਪਣ" ਜਰਨਲਿਸਟਕ ਤੇ ਸਾਹਿਤਕ ਪੱਖੋਂ ਬਹੁਤ ਸੁਥਰਾ ਹੈ। ਪੰਜਾਬ ਦਾ ਦੁਖਾਂਤ ਤੇ ਦੋਸ਼ੀ ਕੌਣ ਹਨ ਕਮਾਲ ਦੀ ਸੀਰਅਲ ਸੀ

ਪ੍ਰਮਜੀਤ ਸਿੰਘ "ਕੰਵਲ" ਰਾਮਪੁਰੀ ਤੇ ਕਸ਼ਮੀਰਾ ਸਿੰਘ ਚਮਨ ਦੀਆਂ ਗ਼ਜ਼ਲਾਂ ਬਹੁਤ ਹੀ ਪਸੰਦ ਆਈਆਂ। ਕੀ ਤੁਸੀਂ ਮੈਨੂੰ ਇਹਨਾਂ ਸ਼ਾਇਰਾਂ ਦਾ ਪਤਾ ਭੇਜ ਸਕਦੇ ਹੋ ਧੰਨਵਾਦੀ ਹੋਵਾਂਗਾ ।

ਚਾਰ ਨਜ਼ਮਾਂ ਭੇਜ ਰਿਹਾਂ ਜੋ ਪਸੰਦ ਆਈਆਂ ਛਾਪ ਲੈਣਾ

ਜੀਵਨ 'ਰਾਮਪੁਰੀ', ਡੰਕਨ

ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੇ ਸੰਚਾਲਕ ਗੁਰਸ਼ਰਨ ਸਿੰਘ ਦੇ ਨਾਮ ਇਕ ਖਤ

ਪਿਆਰੇ ਗੁਰਸ਼ਰਨ ਭਾਜੀ,

ਸਤਿ ਸ੍ਰੀ ਅਕਾਲ ।

ਤੁਹਾਡੀ ਇਕ ਇੰਟਰਵੀਊ ਜੂਨ 27, 1985 ਨੂੰ ਵੈਨਕੂਵਰ ਦੇ ਸਥਾਨਕ ਪੇਪਰ 'ਦੀ ਸਨ' ਵਿਚ ਪੜ੍ਹੀ। ਜਿਥੇ ਤੁਸੀਂ ਉਸ ਵਿਚ ਹਿੰਦੋਸਤਾਨ ਦੀ ਡਿਕਟੇਟਰ ਸਰਕਾਰ ਦੇ ਕਾਲੇ ਕਨੂੰਨਾਂ ਦੀ ਨਿਖੇਧੀ ਕੀਤੀ। ਉਥੇ ਤੁਸੀਂ ਇਸ ਇੰਟਰਵੀਊ ਵਿਚ ਭਾਰਤ ਦੀ ਫਿਰਕੂ ਅਤੇ ਜ਼ਾਲਮ ਸਰਕਾਰ ਵਲੋਂ ਘਟ ਗਿਣਤੀ 'ਸਿਖਾਂ' ਤੇ ਹੋਏ ਜ਼ੁਲਮ ਦੀ ਦਾਸਤਾਨ ਨੂੰ ਬਿਲਕੁਲ ਹੀ ਨਜ਼ਰ ਅੰਦਾਜ਼ ਕੀਤਾ। ਮੇਰੀ ਤੁਹਾਡੇ ਨਾਲ ਪੁਰਾਣੀ (ਅੰਮ੍ਰਿਤਸਰ ਤੋਂ) ਸਾਂਝ ਹੋਣ ਕਾਰਨ ਮੈਂ ਕੁਝ ਗੱਲਾਂ ਤੁਹਾਡੇ ਧਿਆਨ ਵਿਚ ਲਿਆਉਣੀਆਂ ਚਾਹੁੰਦਾ ਹਾਂ । ਤੁਸੀਂ ਹਮੇਸ਼ਾਂ ਹੀ ਇਹ ਗੱਲ ਪ੍ਰਚਾਰਦੇ ਰਹੇ ਹੋ ਕਿ ਤੁਹਾਡੀ ਚੇਤਨਾ ਨੂੰ ਜਗਾਉਣ ਦੇ ਜਿੰਮੇਂਵਾਰ ਗੁਰੂ ਨਾਨਕ ਦੀ 'ਕਿਰਤ ਦਾ ਸਿਧਾਂਤ' ਅਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਜਬਰ ਅਤੇ ਜ਼ੁਲਮ ਦੇ ਖਿਆਫ ਤਲਵਾਰ ਚੁਕਣਾ ਹੀ ਸੀ। ਤੁਹਾਡਾ ਧਰਮ ਦੇ ਵਿਚ ਯਕੀਨ ਨਹੀਂ ਅਤੇ ਤੁਸੀਂ ਹਮੇਸ਼ਾਂ ਹੀ ਨਾਸਤਕਤਾ ਨੂੰ ਪ੍ਰਚਾਰਦੇ ਰਹੇ ਹੋ । ਇਹ ਤੁਹਾਡੀ ਆਪਣੀ ਸੋਚ ਹੈ ।

ਪਰ ਮੈਂ ਉਸ ਗੁਰਸ਼ਰਨ ਸਿੰਘ ਨੂੰ ਜਾਣਦਾ ਹਾਂ । ਜਿਸਨੇ ਐਮਰਜੈਂਸੀ ਦੇ ਦੌਰਾਨ ਹਰਿਆਣੇ ਦੇ ਕੁਰਪਟ ਕਾਂਗਰਸੀ (ਬੰਸੀ ਲਾਲ) ਦੇ ਹੁਕਮ 'ਤੇ ਪੁਲੀਸ ਦੇ ਇਕ ਕਰਮਚਾਰੀ ਨੇ 80 ਸਾਲ ਦੀ ਇਕ ਬੇਕਸੂਰ ਬੁੱਢੀ ਮਾਈ ਨੂੰ ਮਾਰ ਮੁਕਾਇਆ ਸੀ ਜਿਸ ਮਾਂ ਦਾ ਕਸੂਰ ਸਿਰਫ ਇਨਾਂ ਹੀ ਸੀ ਕਿ ਉਹ ਇਕ ਪੋਤਰੇ ਦੀ ਦਾਦੀ ਸੀ ਜਿਸਦੀ ਪੁਲੀਸ ਨੂੰ ਤਲਾਸ਼ ਸੀ। ਇਸ ਜ਼ੁਲਮ ਦੇ ਖ਼ਿਲਾਫ ਇਸੇ ਹੀ ਗੁਰਸ਼ਰਨ ਸਿੰਘ ਨੇ ਅਵਾਜ਼ ਉਠਾਈ ਸੀ। ਪਰ ਗੁਰਸ਼ਰਨ ਭਾਜੀ ਅੱਜ ਤਾਂ ਹਿੰਦੋਸਤਾਨ ਦੀ ਧਰਤੀ ਤੇ ਅਨੇਕਾਂ ਹੀ ਬੁੱਢੀਆਂ ਮਾਵਾਂ, ਨੌਜਵਾਨ ਭੈਣਾਂ ਇਸ ਜਾਲਮ ਸਰਕਾਰ ਦੇ ਕਹਿਰ ਦਾ ਸ਼ਿਕਾਰ ਹੋਈਆਂ ਹਨ ਤੇ ਹੋ ਰਹੀਆਂ ਹਨ। ਕੀ ਕਾਰਨ ਹੈ ਕਿ ਅੱਜ ਇਸ ਗੁਰਸ਼ਰਨ ਸਿੰਘ ਨੇ ਇਹਨਾਂ ਮਾਵਾਂ ਤੇ ਹੋਏ ਜ਼ੁਲਮ ਦੀ ਕਹਾਣੀ ਕਨੇਡੀਅਨ ਲੋਕਾਂ ਨੂੰ ਨਹੀਂ ਦੱਸੀ ।

ਮੈਂ ਉਸ ਗੁਰਸ਼ਰਨ ਸਿੰਘ ਨੂੰ ਵੀ ਜਾਣਦਾ ਹਾਂ ਜਿਸਨੇ ਪੰਜਾਬ ਦੀ ਧਰਤੀ ਤੇ 'ਚਾਂਦਨੀ ਚੌਕ ਤੋਂ ਸਰਹੰਦ ਤੱਕ' ਨਾਮ ਦਾ ਡਰਾਮਾ ਹਜ਼ਾਰਾਂ ਵਾਰ ਹੀ ਖੇਡਿਆ। ਇਸ ਡਰਾਮੇ ਵਿਚ ਤੁਸੀਂ ਇਹ ਦੱਸਿਆ ਸੀ ਕਿ ਜਦ ਸੂਬੇ ਸਰਹੰਦ ਨੇ ਮਸੂਮ ਬੱਚਿਆਂ ਤੇ ਜ਼ੁਲਮ ਢਾਹਿਆ ਤਾਂ ਬਾਬਾ ਬੰਦਾ ਸਿੰਘ ਬਹਾਦਰ ਵਰਗੇ ਸੂਰਮੇ ਨੇ ਜਬਰ ਅਤੇ ਜ਼ੁਲਮ ਦੇ ਖਿਲਾਫ ਤਲਵਾਰ ਚੁਕੀ । ਤੁਸੀਂ ਅੱਜ ਕੱਲ ਇਹ ਡਰਾਮਾ ਖੇਡਣਾ ਹੀ ਬੰਦ ਕਰ ਦਿਤਾ ਕਿਉਂ ? ਤੁਸੀਂ ਇਹ ਵੀ ਪ੍ਰਚਾਰਦੇ ਰਹੇ ਕਿ ਸਰਕਾਰਾਂ ਦੇ ਜਬਰ ਅਤੇ ਜ਼ੁਲਮ ਨੂੰ ਚੁੱਪ ਚਪੀਤੇ ਨਹੀਂ ਵੇਖੀ ਜਾਣਾ ਚਾਹੀਦਾ।

(ਬਾਕੀ ਪੰਨਾ 15 ਤੇ)

ਸਿੱਖ ਯੁਵਕਾਂ ਦੀਆਂ ਰਿਹਾਈਆਂ ਦੇ ਦਾਅਵੇ ਝੂਠੇ — ਟੌਹੜਾ

ਸੰਗਰੂਰ: ਜਦੋਂ ਤਕ ਦੇਸ਼ ਵਿਚ ਆਤੰਕਵਾਦੀ ਵਿਰੋਧੀ ਬਿਲ ਲਾਗੂ ਹੈ, ਜਿਸ ਦੀ ਆੜ ਹੇਠ ਸਰਕਾਰ ਕਿਸੇ ਵੀ ਬੇਕਸੂਰ ਤੇ ਭੋਲੇ-ਭਾਲੇ ਸ਼ਹਿਰੀ, ਖਾਸ ਕਰਕੇ ਸਿੱਖ ਨੂੰ ਫੜ ਕੇ, ਇਨ੍ਹਾਂ ਉਪਰ ਝੂਠੇ ਦੋਸ਼ ਲਾਕੇ ਮੌਤ ਦੀ ਸਜ਼ਾ ਤਕ ਦੇ ਸਕਦੀ ਹੈ ਤਾਂ ਅਜਿਹੇ ਮਾਹੌਲ ਵਿਚ ਸ਼੍ਰੋਮਣੀ ਅਕਾਲੀ ਦਲ ਆਪਣੀਆਂ ਮੰਗਾਂ ਸਬੰਧੀ ਜਾਂ ਪੰਜਾਬ ਦੀ ਸਮੱਸਿਆ ਦੇ ਹੱਲ ਲਈ, ਕੇਂਦਰੀ ਸਰਕਾਰ ਨਾਲ ਕਿਸ ਤਰ੍ਹਾਂ ਗਲਬਾਤ ਕਰ ਸਕਦਾ ਹੈ ? ਇਹ ਵਿਚਾਰ ਇਥੋਂ ਲੱਗਭਗ 15 ਕਿਲੋਮੀਟਰ ਦੂਰ ਧੂਰੀ ਦੀ ਅਨਾਜ ਮੰਡੀ ਵਿਚ ਭਾਰੀ ਅਕਾਲੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਪ੍ਰਗਟ ਕੀਤੇ। ਉਨ੍ਹਾਂ ਆਪਣੀ ਤਕਰੀਰ 'ਚ ਕਿਹਾ ਕਿ ਪੰਜਾਬ ਸਰਕਾਰ ਵਲੋਂ ਬੇਕਸੂਰ ਸਿੱਖ ਨੌਜਵਾਨਾਂ 'ਤੇ ਝੂਠੇ ਮੁਕੱਦਮੇ ਬਣਾਏ ਜਾ ਰਹੇ ਹਨ। ਉਨ੍ਹਾਂ ਨੇ ਅਜਿਹੇ ਸਰਕਾਰੀ ਦਾਅਵਿਆਂ ਨੂੰ ਝੁਠਲਾਇਆ, ਜਿਸ ਵਿਚਜ ਰੋਜ਼ਾਨਾ ਕਿਹਾ ਜਾਂਦਾ ਹੈ ਕਿ ਸਰਕਾਰ ਵਲੋਂ ਸਿੱਖ ਨੌਜਵਾਨਾਂ ਨੂੰ ਰਿਹਾ ਕੀਤਾ ਜਾ ਰਿਹਾ ਹੈ ਜੇਕਰ ਕਿਸੇ ਸਿੱਖ ਨੌਜਵਾਨ ਨੂੰ ਰਿਹਾ ਵੀ ਕੀਤਾ ਜਾਂਦਾ ਹੈ ਤਾਂ ਜੇਲ੍ਹੋਂ ਬਾਹਰ ਨਿਕਲਦਿਆਂ ਹੀ ਉਸ ਵਿਰੁਧ ਕੋਈ ਹੋਰ ਝੂਠਾ ਮੁਕੱਦਮਾ ਦਰਜ ਕਰ ਦਿਤਾ ਜਾਂਦਾ ਹੈ।

ਤਾਮਿਲ ਸਮੱਸਿਆ ਸਬੰਧੀ ਬੋਲਦਿਆਂ ਜਥੇਦਾਰ ਟੌਹੜਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਇਕ ਪਾਸੇ ਤਾਂ ਸ੍ਰੀ ਲੰਕਾ ਦੇ ਉਗਰਵਾਦੀ ਤਾਮਿਲ ਲੋਕਾਂ ਦੀ ਰਿਹਾਈ ਲਈ ਆਮ ਮੁਆਫੀ ਰੋਜ਼ਾਨਾ ਮੰਗ ਰਹੇ ਹਨ, ਦੂਜੇ ਪਾਸੇ ਬੇਕਸੂਰ ਸਿੱਖ ਨੌਜਵਾਨਾਂ ਨੂੰ ਅਤਿਵਾਦੀ ਆਖ ਕੇ ਗ੍ਰਿਫਤਾਰ ਕੀਤਾ ਜਾ ਰਿਹਾ ਹੈ। ਹਜ਼ਾਰਾਂ ਅਜਿਹੇ ਸਿੱਖ ਨੌਜਵਾਨ ਹਨ, ਜਿਨ੍ਹਾਂ ਕੋਈ ਜ਼ੁਰਮ ਨਹੀਂ ਕੀਤਾ, ਪਰ ਉਹ ਅਜੇ ਵੀ ਜੇਲ੍ਹਾਂ ਅੰਦਰ ਬੰਦ ਹਨ। ਸ੍ਰੀ ਹਰਿਮੰਦਰ ਸਾਹਿਬ ਵਿਖੇ ਫੌਜੀ ਕਾਰਵਾਈ ਦੇ ਵਿਰੋਧ 'ਚ ਜਿਨ੍ਹਾਂ ਸਿੱਖ ਫੌਜੀਆਂ ਨੇ ਧਾਰਮਿਕ ਜ਼ਜ਼ਬੇ ਹੇਠ ਆਪਣੀਆਂ ਬੈਰਕਾਂ ਛੱਡ ਦਿਤੀਆਂ ਸਨ, ਤੇ ਭਗੌੜੇ ਹੋ ਗਏ ਸਨ, ਅਜਿਹੇ ਸਿੱਖ ਫੌਜੀਆਂ ਨੂੰ ਦਸ ਦਸ ਸਾਲ ਤਕ ਸਖਤ ਸਜਾਵਾਂ ਦਿਤੀਆਂ ਜਾ ਰਹੀਆਂ ਹਨ, ਜਦੋਂ ਕਿ 1965 ਦੀ ਪਾਕਿਸਤਾਨ ਦੀ ਜੰਗ ਸਮੇਂ ਹਜ਼ਾਰਾਂ ਫੌਜੀ ਭਗੌੜਿਆਂ ਨੂੰ ਸਰਕਾਰਵਲੋਂ ਮੁਆਫ ਕਰ ਦਿਤਾ ਗਿਆ ਸੀ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਇਸ ਕਾਨਫਰੰਸ ਵਿਚ ਬੋਲਦਿਆਂ ਕਿਹਾ ਕਿ ਕੇਂਦਰੀ ਸਰਕਾਰ ਨੇ ਪੰਜਾਬ ਨੂੰ ਇਸ ਲਈ ਨਿਸ਼ਾਂਨਾ ਬਣਾਇਆ ਤਾਂ ਕਿ ਅਕਾਲੀ ਦਲ ਤੇ ਸਿੱਖਾਂ ਨੂੰ ਕਮਜ਼ੋਰ ਕੀਤਾ ਜਾਵੇ, ਤੇ ਨਾਲ ਹੀ ਅਕਾਲੀ ਦਲ ਦੇ ਵਰਕਰਾਂ ਨੂੰ ਅਤਿਵਾਦੀ ਆਖ ਕੇ ਦੇਸ਼ ਭਰ ਵਿਚ ਬਦਨਾਮ ਕੀਤਾ ਜਾਵੇ। ਸੰਤ ਲੌਂਗੋਵਾਲ ਨੇ ਕਿਹਾ, ਦਿਲੀ ਦੀ ਸਰਕਾਰ ਨੇ ਹਮੇਸ਼ਾ ਸਿੱਖਾਂ ਤੇ ਜ਼ੁਲਮ ਕੀਤੇ ਹਨ। ਦਿਲੀ ਦੇ ਤਖਤ ਤੇ ਜੋ ਵੀ ਹੁਕਮਕਰਾਨ ਬੈਠਾ ਹੈ, ਉਸ ਨੇ ਸਿੱਖਾਂ ਦਾ ਖੁਨ ਪੀਤਾ ਹੈ।

ਸੰਤ ਲੌਂਗੋਵਾਲ ਨੇ ਕਿਹਾ ਕਿ ਕੇਂਦਰੀ ਸਰਕਾਰ ਇਕ ਸਾਜ਼ਸ਼ ਅਧੀਨ ਪੰਜਾਬ ਵਿਚ ਰਹਿ ਰਹੇ ਹਿੰਦੂ ਤੇ ਸਿੱਖਾਂ ਨੂੰ ਆਪਸ ਵਿਚ ਲੜਾਉਣਾ ਚਾਹੁੰਦੀ ਸੀ, ਪਰ ਪੰਜਾਬ ਦੇ ਪਿੰਡ ਇਸ ਗਲ ਦੀ ਉਦਾਹਰਣ ਹਨ, ਜਿਥੇ ਸਿੱਖਾਂ ਦੀ ਬਹੁਸੰਖਿਆ ਵਸਦੀ ਹੈ, ਉਥੇ ਇਕ ਵੀ ਹਿੰਦੂ ਭਰਾ ਦਾ ਕਤਲ ਨਹੀਂ ਹੋਇਆ। ਜਦੋਂ ਅਕਾਲੀ ਦਲ ਨੇ ਅਨੰਦਪੁਰ ਦੇ ਮਤੇ ਦੀ ਪ੍ਰਾਪਤੀ ਲਈ 'ਰਸਤਾ ਰੋਕੋ' ਅੰਦੋਲਨ ਚਲਾਇਆ ਤਾ ਮਲੇਰਕੋਟਲਾ ਦੀ ਧਰਤੀ ਤੇ ਦੋ ਮੁਸਲਮਾਨ, ਇਕ ਹਿੰਦੂ ਤੇ ਇਕ ਸਿੱਖ ਪੁਲੀਸ ਦੀਆਂ ਗੋਲੀਆਂ ਨਾਲ ਸ਼ਹੀਦ ਹੋਏ। ਇਸ ਘਟਨਾ ਤੋਂ ਪਤਾ ਲਗਦਾ ਹੈ ਕਿ ਅਕਾਲੀ ਦਲ ਦੀਆ ਕੇਵਲ ਸਿੱਖਾਂ ਨਹੀਂ, ਬਲਕਿ ਸਮੁਚੇ ਪੰਜਾਬੀਆਂ ਲਈ ਹਨ। ਉਨ੍ਹਾਂ ਕਿਹਾ, ਜੇਕਰ ਪਤਾੜਾ ਹੈ ਤਾ ਸਿਖ ਤੇ ਕਾਂਗਰਸ ਸਰਕਾਰ ਵਿਚ ਹੈ, ਨਾ ਕਿ ਹਿੰਦੂ ਤੇ ਸਿੱਖਾਂ ਵਿਚਕਾਰ।

ਆਨੰਦਪੁਰ ਦੇ ਮਤੇ ਦਾ ਜ਼ਿਕਰ ਕਰਦਿਆ ਉਨ੍ਹਾਂ ਨੇ ਇਸ ਮਤੇ ਦਾ ਸਪਸ਼ਟੀਕਰਨ ਦਿਤਾ ਤੇ ਕਿਹਾ ਕਿ ਇਸ ਮਤੇ ਦਾ ਨਿਚੋੜ 'ਸ਼ਕਤੀਆਂ ਦਾ ਵਿਕੇਂਦਰੀਕਰਨ' ਤੇ ਹੈ। ਆਨੰਦਪੁਰ ਦੇ ਮਤੇ ਨੂੰ ਸਵੀਕਾਰ ਕਰਨ ਨਾਲ ਦੇਸ਼ ਦੀ ਅਖੰਡਤਾ ਨੂੰ ਕੋਈ ਖਤਰਾ ਨਹੀਂ।

ਸੰਤ ਲੌਂਗੋਵਾਲ ਨੇ ਕੇਂਦਰੀ ਸਰਕਾਰ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਆਨੰਦਪੁਰ ਸਾਹਿਬ ਦੇ ਮਤੇ ਸਬੰਧੀ ਅਕਾਲੀ ਦਲ ਦੀਆਂ ਕੇਂਦਰੀ ਸਰਕਾਰ ਨਾਲ ਕਈ ਮੀਟਿੰਗਾਂ ਹੋ ਚੁੱਕੀਆਂ ਹਨ। ਪਰ ਕੇਂਦਰੀ ਸਰਕਾਰ ਹਰ ਵਾਰ ਮੀਟਿੰਗ ਕਰਨ ਤੋਂ ਬਾਅਦ ਕੀਤੇ ਫੈਸਲੇ ਤੋਂ ਮੁੱਕਰ ਜਾਂਦੀ ਰਹੀ ਹੈ।

ਇਸ ਮੌਕੇ ਤੇ ਸ੍ਰੀ ਪਿਆਰਾ ਲਾਲ ਨੇ ਸੰਤ ਲੌਂਗੁਵਾਲ ਨੂੰ ਸ਼ਹਿਰੀਆਂ ਵਲੋਂ ਕਿਰਪਾਨ ਭੇਟ ਕੀਤੀ। ਅਕਾਲੀ ਜਥਾ ਸਰਕਲ ਧੂਰੀ ਵਲੋਂ ਸੰਤ ਲੌਂਗੋਵਾਲ ਨੂੰ ਕਿਰਪਾਨ ਤੇ ਦੁਸ਼ਾਲਾ ਦਿਤਾ ਗਿਆ ਹਾਜ਼ੀ ਅਨਵਰ ਖਾਨ ਨੇ ਪੰਡਾਲ ਵਿਚ ਹਾਜ਼ਰ ਸੰਗਤ ਤੋਂ ਸੰਤ ਲੌਂਗੋਵਾਲ ਦੀ ਲੀਡਰਸ਼ਿਪ ਦੇ ਹੱਕ ਵਿਚ ਹੱਥ ਖੜੇ ਕਰਵਾਏ।

ਇਸ ਕਾਨਫਰੰਸ ਵਿਚ ਹੋਰਨਾਂ ਤੋਂ ਬਿਨਾਂ ਯੂਥ ਅਕਾਲੀ ਦਲ ਦੇ ਮੀਤ ਪ੍ਰਧਾਨ ਰਾਜਿੰਦਰ ਸਿੰਘ ਕਾਂਝਲਾ, ਜ਼ਿਲਾ ਜਥੇਦਾਰ ਕਰਤਾਰ ਸਿੰਘ ਜੋਸ਼ੀਲਾ ਅਤੇ ਹਾਜ਼ੀ ਅਨਵਰ ਖਾਨ ਨੇ ਵਿਚਾਰ ਰਖੇ। ਇਸ ਮੌਕੇ ਤੇ ਅਕਾਲੀ ਮੋਰਚੇ ਦੌਰਾਨ ਸ਼ਹੀਦ ਹੋਏ ਸਿੱਖ ਪਰਿਵਾਰਾਂ ਨੂੰ ਓੱਕ ਵੀ ਭੇਂਟ ਕੀਤੇ ਗਏ।

ਡਾ. ਆਈ. ਪੀ. ਸਿੰਘ ਬਰਮਾ 'ਚ ਰਾਜਦੂਤ ਨਿਯੁਕਤ

ਨਵੀਂ ਦਿਲੀ: ਭਾਰਤ ਦੇ ਸਪੇਨ 'ਚ ਮੌਜੂਦਾ ਰਾਜਦੂਤ ਡਾ. ਆਈ. ਪੀ. ਸਿੰਘ ਨੂੰ ਬਰਮਾ ਦਾ ਰਾਜਦੂਤ ਨਿਯੁਕਤ ਕੀਤਾ ਗਿਆ ਹੈ। ਡਾ. ਸਿੰਘ ਆਪਣੇ ਨਵੇਂ ਅਹੁਦੇ ਦਾ ਛੇਤੀ ਹੀ ਚਾਰਜ ਸੰਭਾਲਣਗੇ।

ਪਾਕਿ ਨੂੰ ਹਥਿਆਰ ਦੇਣ ਦੇ ਸਵਾਲ ਉਤੇ ਅਮਰੀਕੀ ਕਾਂਗਰਸ ਦੇ ਮੈਂਬਰਾਂ 'ਚ ਵੀ ਰੋਸ

ਵਾਸ਼ਿੰਗਟਨ: ਨਿਊਯਾਰਕ ਟਾਈਮਜ਼ ਅਨੁਸਾਰ ਅਮਰੀਕਾ ਵਲੋਂ ਪਾਕਿਸਤਾਨ ਨੂੰ ਦਿਤੀਆਂ ਜਾਣ ਵਾਲੀਆਂ ਨਵੀਆਂ ਮਿਜ਼ਾਈਲਾਂ ਦੇ ਸਵਾਲ ਤੋਂ ਅਮਰੀਕੀ ਕਾਗਰਸ ਦੇ ਕਈ ਮੈਂਬਰ ਵੀ ਨਾਖੁਸ਼ ਹਨ।

ਇਹ ਵਰਨਣਯੋਗ ਹੈ ਕਿ ਅਮਰੀਕਾ ਨੇ ਬੀਤੇ ਦਿਨ ਪਾਕਿਸਤਾਨ ਨੂੰ ਹਵਾਈ ਜਹਾਜ਼ ਡੇਗਣ ਵਾਲੀਆਂ ਸੌ ਸੋਲਡਰ ਹੀਟ ਸੀਕਿੰਗ ਮਿਜ਼ਾਈਲਾਂ ਦੇਣ ਅਤੇ ਹਵਾ 'ਚੋਂ ਹਵਾ ਵਿਚ ਮਾਰ ਕਰਨ ਵਾਲੀਆਂ ਪੁਰਾਣੀਆਂ ਸਾਈਡ ਵਾਈਂਡਰ ਮਿਜ਼ਾਈਲਾਂ ਦੀ ਥਾਂ ਉਨਾਂ ਦਾ ਸੁਧਰਿਆ ਨਮੂਨਾ ਦੇਣ ਦਾ ਐਲਾਨ ਕੀਤਾ ਸੀ।

ਪਾਕਿਸਤਾਨ ਨੂੰ ਜੋ ਸਟਿਜ਼ਜਰਜ਼ ਸਪਲਾਈ ਹੋ ਰਹੇ ਹਨ, ਉਨ੍ਹਾਂ ਦੀ ਵਰਤੋਂ ਕਰਕੇ ਕੁਝ ਵਿਅਕਤੀ ਹੀ ਜਹਾਜ਼ ਨੂੰ ਹੇਠਾਂ ਸੁੱਟ ਸਕਦੇ ਹਨ। ਇਸ ਤੋਂ ਪਹਿਲਾਂ ਅਮਰੀਕੀ ਕਾਂਗਰਸ ਨੇ ਜਾਰਡਨ ਅਤੇ ਸਾਊਂਦੀ ਅਰਬ ਨੂੰ ਇਨ੍ਹਾਂ ਸਟਿੰਜਰਾਂ ਦੀ ਸਪਲਾਈ ਕਰਨ ਵਿਚ ਵਿਘਨ ਪਾਇਆ ਸੀ।

ਪਾਕਿਸਤਾਨ ਅਮਰੀਕਾ ਤੋਂ ਜੋ ਹਥਿਆਰ ਲੈਣੇ ਚਾਹੁੰਦਾ ਹੈ, ਉਨ੍ਹਾਂ ਦੀ ਅਫਗਾਨਿਸਤਾਨ ਵਿਰੁਧ ਅਸਰਦਾਰ ਤਰੀਕੇ ਨਾਲ ਵਰਤੋਂ ਕਰਨੀ ਸੰਭਵ ਨਹੀਂ ਹੈ। ਸਮਝਿਆ ਜਾਂਦਾ ਹੈ ਕਿ ਉਨ੍ਹਾਂ ਦੀ ਭਾਰਤ ਵਿਰੁਧ ਵਰਤੋਂ ਕਰਨ ਲਈ ਹੀ ਉਹ ਇਹ ਹਥਿਆਰ ਲੈ ਰਿਹਾ ਹੈ।

ਭਾਰਤੀ ਦੂਤਘਰ ਦੇ ਇਕ ਬੁਲਾਰੇ ਨੇ ਪਾਕਿ ਨੂੰ ਇਨ੍ਹਾਂ ਅਮਰੀਕੀ ਹਥਿਆਰਾਂ ਦੀ ਸਪਲਾਈ ਉਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ ਅਤੇ ਕਿਹਾ ਹੈ ਕਿ ਇਹ ਹਥਿਆਰ ਭਾਰਤ ਲਈ ਚਿੰਤਾ ਦਾ ਕਾਰਨ ਬਣ ਸਕਦੇ ਹਨ।

ਉਧਰ ਅਮਰੀਕੀ ਵਿਦੇਸ਼ ਵਿਭਾਗ ਵਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਅਫਗਾਨਿਸਤਾਨ ਵਿਚੋਂ ਪਾਕਿ ਉਤੇ ਸੌ ਤੋਂ ਵਧੇਰੇ ਹਮਲੇ ਹੋਏ ਹਨ ਪਰ ਬੁਲਾਰੇ ਨੇ ਪਾਕਿ ਇਲਾਕੇ ਵਿਚੋਂ ਅਫਗਾਨਿਸਤਾਨ ਉਤੇ ਕੀਤੇ ਗਏ ਹਮਲਿਆਂ ਦੀ ਗਿਣਤੀ ਨਹੀਂ ਦੱਸੀ। ਵਿਦੇਸ਼ ਵਿਭਾਗ ਨੇ ਪਾਕਿ ਨੂੰ ਅਮਰੀਕੀ ਹਥਿਆਰਾਂ ਦੀ ਸਪਲਾਈ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕੀਤੀ ਹੈ।

■ ਕਵੀ ਨੂੰ ਦੁਨੀਆਂ ਜੋ ਦਿੰਦੀ ਹੈ,
ਉਹ ਉਸ ਨੂੰ ਛੰਦਬੱਧ ਕਰਕੇ ਜ਼ਿੰਦਗੀ ਨੂੰ
ਮੋੜ ਦਿੰਦਾ ਹੈ।

— ਖਲੀਲ ਜਿਬਰਾਨ

ਸਿਆਸੀ ਘਰੂਟ

ਘਰੂਟਾਂ ਵਾਲੇ ਦੀ ਕਲਮ ਤੋਂ

● ਸੰਤ ਲੌਂਗੋਵਾਲ ਨੇ ਮੌਜੂਦਾ ਸਥਿਤੀ ਲਈ ਕੇਂਦਰ ਨੂੰ ਜ਼ਿਮੇਵਾਰ ਠਹਿਰਾਇਆ ਜਿਸ ਨੇ ਹਿੰਦੂਆਂ ਸਿੱਖਾਂ ਵਿਚਕਾਰ ਅਵਿਸ਼ਵਾਸ਼ ਦੀ ਭਾਵਨਾ ਪੈਦਾ ਕੀਤੀ ਹੈ।

(ਇਕ ਖਬਰ)

ਸੰਤ ਜੀ ਇਸ ਲਈ ਕੇਂਦਰ ਦੇ ਸੁਰਗਵਾਸੀ ਸੰਤ ਮਿੱਤਰ ਨੂੰ ਬਰੀ ਕਰ ਦਿਤਾ ਹੈ।

● ਕਮਿਊਨਿਟੀ ਦੇ ਨਾਂ ਉਚਾ ਕਰਨ ਵਾਲੇ ਵਿਦਿਆਰਥੀ ਸਾਡਾ ਮਾਣ ਹਨ।

(ਕੈਨੇਡਾ ਦਰਪਣ)

ਕਮਿਊਨਿਟੀ ਵਿਚ ਨਫਰਤ ਫੈਲਾਉਣ ਵਾਲੇ ਸੰਪਾਦਕ ਮਥੇ ਤੇ ਕਲੰਕ ਹਨ, ਹਨ ਕਿ ਨਹੀਂ ?

● ਅਮਰੀਕਾ ਵਿਚ ਚਿੱਟੇ ਦਿਨ ਦਹਿਸ਼ਤਪਸੰਦੀ ਦੀ ਟਰੇਨਿੰਗ ਦਿਤੀ ਜਾ ਰਹੀ ਹੈ।

(ਸੰਪਾਦਕੀ: ਕੈਨੇਡਾ ਦਰਪਣ)

ਪਰ ਇਹ ਗੱਲ ਖਾਲਿਸਤਾਨੀ ਨਹੀਂ ਮੰਨ ਸਕਦੇ। ਜੇ ਮੰਨ ਜਾਣ ਤਾਂ ਉਨ੍ਹਾਂ ਦੀ ਟਰੇਨਿੰਗ ਅਧੂਰੀ ਰਹਿ ਜਾਣ ਦਾ ਡਰ ਹੈ।

● ਦੁਸ਼ਮਣ ਦਾ ਦੁਸ਼ਮਣ ਵੀ ਕਦੇ ਮਿੱਤਰ ਬਣਿਆ ਹੈ।

(ਕੇਸਰ ਸਿੰਘ ਨਾਵਲਿਸਟ)

ਹਾਂ ਜੀ, ਬਣਿਆ ਹੈ, ਬਣਿਆ ਕਿਉਂ ਨਹੀਂ। ਪਾਕਿਸਤਾਨ ਤੇ ਅਮਰੀਕਾ ਖਾਲਿਸਤਾਨੀਆਂ ਦੇ ਮਿੱਤਰ ਹਨ, ਜੋ ਭਾਰਤ ਦੇ ਦੁਸ਼ਮਣ ਹਨ।

● ਨਿਊਵੈਸਟ ਘਰ ਦੀ ਪ੍ਰਬੰਧਕ ਕਮੇਟੀ ਦੀ ਧੱਕੇਸ਼ਾਹੀ.....।

(ਖੁੱਲੀ ਚਿੱਠੀ ਦੇ ਸਿਰਲੇਖ ਚੋਂ)

ਹਾਲੇ ਤਾਂ ਖਾਲਿਸਤਾਨੀਆਂ ਦੇ ਕਬਜ਼ੇ ਵਾਲੀ ਪ੍ਰਬੰਧਕ ਕਮੇਟੀ ਵਿਚ ਧੱਕੇ ਸ਼ਾਹੀ ਤੋਂ ਪਿੱਟ ਉਠੇ ਹੋ ਖਾਲਸਾ ਜੀ, ਜੇ ਮੰਦੇ ਭਾਗਾਂ ਨੂੰ ਖਾਲਿਸਤਾਨ ਬਣ ਗਿਆ, ਫਿਰ ਦਿਖਾਉਣਗੇ, ਜਲਵਾ ਗੁਰਮੁਖੋ।

● ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਕਿਹਾ ਹੈ ਕਿ ਉਨ੍ਹਾਂ ਦੀ ਸਰਕਾਰ ਕੈਨੇਡਾ ਵਿਚ ਹੋ ਰਹੀਆਂ ਅਤਿਵਾਦੀ ਗਤੀ ਵਿਧੀਆਂ ਵਿਰੁਧ ਸਖਤ ਕਦਮ ਚੁਕੇਗੀ।

(ਕੈਨੇਡਾ ਦਰਪਣ)

ਇਹ ਰੇਗਨ ਦੀ ਕੁਛੜ ਬੈਠਣ ਵਾਲਾ ਪ੍ਰਧਾਨ ਮੰਤਰੀ ਹੈ, ਇਸ ਅਤਿਵਾਦੀਆਂ ਵਿਰੁਧ ਸੁਆਹ ਕਦਮ ਚੁੱਕਣਾ ਹੈ।

● ਸ਼ਹੀਦ ਭਗਤ ਸਿੰਘ ਦੇ ਅੰਤਮ ਸਮੇਂ ਦੇ ਵਿਚਾਰਾਂ ਬਾਰੇ ਭੁਲੇਖੇ ਖੜੇ ਕੀਤੇ ਗਏ ਹਨ।

ਲੋਕਾਂ ਦੇ ਸਿਰ ਅਨ੍ਹੇਰ ਵਿਰਤੀ ਵਿਚਾਰਾਂ ਦਾ ਜਨੂੰਨ ਮੜ੍ਹਨ ਵਾਲਿਆਂ ਲਈ ਅਜਿਹੇ ਭੁਲੇਖੇ ਤਾਂ ਮਾਮੂਲੀ ਗੱਲ ਹੁੰਦੀ ਹੈ।

● ਅਕਾਲੀ ਦਲ ਭਾਰਤ ਦੀ ਏਕਤਾ ਦਾ ਮੁਦਈ।

(ਲੌਂਗੋਵਾਲ)

ਏਹੋ ਗੱਲ ਜ਼ੋਰ ਨਾਲ ਕਦੇ ਦੋ ਸਾਲ ਪਹਿਲਾਂ ਤੋਂ ਕਹਿਣ ਲਗਦੇ ਸੰਤ ਜੀ, ਤਾਂ ਕੁਲਹਿਣੇ ਦਿਨ ਤਾਂ ਨਾ ਦੇਖਣੇ ਪੈਂਦੇ।

● ਰਾਜੀਵ ਉਤੇ ਇਕੋ ਮਸਲੇ 'ਤੇ ਵੱਖ ਵੱਖ ਸਟੈਂਡ ਲੈਣ ਦਾ ਦੋਸ਼।

(ਕੈਨੇਡਾ ਦਰਪਣ)

ਵਿਰਾਸਤ ਵਿਚੋਂ ਮਿਲੀ ਸਿੱਖਿਆ ਦੋਸ਼ ਕਿਵੇ ਹੋ ਸਕਦੀ ਹੈ, ਗਿਲ ਜੀ ?

● ਹਵਾਈ ਦੁਰਘਟਨਾ ਦੀ ਜਾਂਚ ਬਾਰੇ ਕੁਲ ਤੱਥ

(ਰਣਜੀਤ)

ਜੌਹਲ ਸਾਹਿਬ ਟਿਕਟਾਂ ਦਾ ਧੰਦਾ ਹੀ ਚੰਗਾ ਹੈ, ਪੱਤਰਕਾਰੀ ਤੁਹਾਡੇ ਬੱਸ ਦਾ ਰੋਗ ਨਹੀਂ।

● ਏਅਰ ਇੰਡੀਆ ਦੇ ਤਬਾਹ ਹੋਣ ਵਿਚ ਸਿੱਖਾਂ ਵਿਰੁਧ ਜੋ ਭੰਡੀ ਪ੍ਰਚਾਰ ਹੋ ਰਿਹਾ ਹੈ।

(ਰਣਜੀਤ)

ਉਸ ਵਿਚ ਰਣਜੀਤ ਦੇ ਸੰਪਾਦਿਕ ਵਰਗੇ ਬਹੁਤੇ ਸਿਆਣੇ ਵੀ ਜਿਮੇਵਾਰ ਹਨ।

● ਅਚਿੰਤੇ ਬਾਜ ਪਏ।

(ਸੰਘਰਸ਼)

ਅਭਾਗੇ ਏਅਰ ਇੰਡੀਆ ਦੇ ਯਾਤਰੂਆਂ ਉਪਰ ਇਹ ਗਲ ਪੂਰੀ ਢੁੱਕਦੀ ਹੈ ਪਰ ਕਈ ਮਹੀਨਿਆਂ ਤੋਂ ਤੁਹਾਡੇ ਸੰਪਾਦਕੀ ਦੇ ਦਰਸ਼ਨ ਨਹੀਂ ਹੋਏ। ਕਿਧਰੇ ਉਸ ਉਪਰ ਕੋਈ ਲਗੜ ਤਾਂ ਨਹੀਂ ਪੈ ਗਿਆ।

● ਔਲਖ, ਢਿਲੋਂ ਤੇ ਸੁਰਿੰਦਰ ਡਬਲਯੂ. ਐਸ. ਓ. ਤੋਂ ਝਟਕਾ ਦਿਤੇ।

(ਇੰਡੋ: ਕਨੇਡੀਅਨ ਟਾਈਮਜ਼)

ਇਹ ਤਾਂ ਲਟਕੇ ਸੋ ਝਟਕੇ, ਪਰ ਨਾਲ ਹੀ "ਹਿਸਾਬ ਕਿਤਾਬ ਆਡਿਟ" ਦੇ ਤਿੰਨ ਸ਼ਬਦ ਲਿਖਕੇ ਸੰਗਤਾਂ ਦਾ ਲੱਖਾਂ ਡਾਲਰ ਦਿਤਾ ਫੰਡ ਵੀ ਘਾਉਂ ਘੱਪ ਕਰ ਲਿਆ। ਉਸ ਬਾਰੇ ਕੋਈ ਕਿੰਤੂ, ਪ੍ਰੰਤੂ ਨਹੀਂ। ਕੀ ਉਸ ਵਿਚੋਂ.....।

● ਜੀਵਨ ਉਮਰਾਨੰਗਲ ਦੀ ਫੈਡਰੇਸ਼ਨ ਨੇ ਪੱਗ ਲਾਹ ਦਿਤੀ।

(ਇੰਡੋ: ਕਨੈ: ਟਾਈ:)

ਜਿੰਨਾ ਆਪਣੀ ਲਾਹੀ ਹੋਈ ਹੈ, ਉਹ ਕਿਸੇ ਦੀ ਲਾਹ ਸਕਦੇ ਹਨ ਕਿਸੇ ਦੀ ਵੀ ਲੁਹਾ ਸਕਦੀ ਹੈ।

● ਬੰਬ ਧਮਾਕਿਆਂ ਪਿਛੇ ਰੂਸੀ ਹੱਥ —ਯੋਗੀ ਭਜਨ।

(ਇੰਡੋ ਕੈਨੇ: ਟਾਈ:)

ਯੋਗੀ ਮਹਾਰਾਜ ਦਿੱਬਦ੍ਰਿਸ਼ਟੀ ਨਾਲ ਉਹ ਕੁਲ ਜਾਣ ਲੈਂਦੇ ਹਨ, ਜੋ ਰਾਡਾਰ ਤੇ ਸੈਟਲਾਈਟਾਂ ਨਾ ਪਤਾ ਲਾ ਸਕਣ, ਜੋ ਸੀ, ਆਈ. ਏ. ਨੂੰ ਪਤਾ ਹੈ, ਨਾ ਸੱਚ, ਵਾਹਿਗੁਰੂ, ਸੀ. ਆਈ. ਏ. ਨੂੰ ਵੀ ਪਤਾ ਨਹੀਂ।

● ਅਤਿਵਾਦੀ ਕੌਣ ਹਨ ?

(ਇੰਡੋ ਕੈਨੇ: ਟਾਈ:)

ਜਿਨ੍ਹਾਂ ਨੂੰ ਅਮਰੀਕੀ ਪੈਸੇ ਲੈਕੇ ਬੇਗੁਨਾਹਾਂ ਨੂੰ ਮਾਰ ਕੇ ਖੁਸ਼ੀ ਮਿਲਦੀ ਹੈ। ਜਿਨ੍ਹਾਂ ਨੂੰ ਸਿੱਖੀ ਅਸੂਲਾਂ ਦਾ ਰੀਣ ਭਰ ਸਤਿਕਾਰ ਨਹੀਂ ਹੈ। ਜਿਨ੍ਹਾਂ ਦਾ ਮਨ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਦੇ ਮਹਾਂਵਾਕ ਅਨੁਸਾਰ ਰਹਿਮ ਦਿਲ ਅਤੇ ਪ੍ਰੇਮਾ ਭਗਤੀ ਵਾਲਾ ਨਾ ਹੋਕੇ ਔਰੰਗਜੇਬੀ ਬਣ ਗਿਆ ਹੋਵੇ। ਕੋਈ ਬੰਦੇ ਮਾਰਦੇ ਹਨ ਕੋਈ ਨਫਰਤ ਫੈਲਾਉਂਦੇ ਹਨ, ਮਨਾਂ ਵਿਚ ਜ਼ਹਿਰ ਭਰਦੇ ਹਨ। ਉਹ ਹੈਨ ਅਤਿਵਾਦੀ, ਤਾਰ ਸਿੰਘ ਹੇਅਰ ਜੀ।

ਗਜ਼ਲ

*ਹਰਭਜਨ ਸਿੰਘ ਹੁੰਦਲ

ਫੋੜੇ ਵਾਂਗੂੰ ਕਿਉਂ ਦੁਖਦੀ ਦਸਤਾਰ ਪਈ ?
ਸਾਡੇ ਹਿੱਸੇ ਕਿਵੇਂ ਨਮੋਸ਼ੀ ਹਾਰ ਪਈ ?

ਚੁੱਪ ਰਹੇ ਤਾਂ ਨਾਲ ਕਲਮ ਦੇ ਧੋਖਾ ਹੈ।
ਚੁੱਪ ਰਿਹਾ ਨਾ ਜਾਏ ਏਤੀ ਮਾਰ ਪਈ'

ਬੀਤੀ ਹੋਈ ਰਾਤ ਕਿਸ ਤਰ੍ਹਾਂ ਬੀਤੀ ਸੀ।
ਕੰਬੇ ਹੱਥਾਂ ਵਿਚ ਫੜੀ ਅਖਬਾਰ ਪਈ।

ਗੱਲ ਤੁਰੀ ਸੀ ਕਿੱਥੇ ਕਿੱਥੇ ਪਹੁੰਚ ਗਈ ?
ਜ਼ਖਮੀਂ ਹੋਈ ਪੁੱਛੇ ਹਰ ਦੀਵਾਰ ਪਈ।

ਆਹਲਣਿਆਂ ਦਾ ਤੀਲਾ ਤੀਲਾ ਲੱਭ ਰਹੇ
ਕੈਸੀ ਬਿਜਲੀ ਗੁਲਮੋਹਰਾਂ ਵਿਚਕਾਰ ਪਈ।

ਨਿਰਦੋਸ਼ਾਂ ਨੂੰ ਮਾਰ ਬਹਾਦਰ ਕਿੰਝ ਬਣੇ ?
ਕਿੱਲੀ ਟੰਗੀ ਪੁੱਛਦੀ ਸੀ ਤਲਵਾਰ ਪਈ।

ਬਾਲ ਮੁਆਤੇ ਕਿਸ ਬਸਤੀ ਤੇ ਧਾਵਾ ਹੈ
ਰਸਤਾ ਰੱਖੀਂ ਆਖੇ ਇਕ ਮੁਟਿਆਰ ਪਈ।

ਕੱਖਾਂ ਵਾਂਗ ਹਨੇਰੀ ਸਾਨੂੰ ਲੈ ਉਡੀ
ਕਿਹੜੇ 'ਵਲੀਆਂ ਪੀਰਾਂ' ਦੀ ਧਿਰਕਾਰ ਪਈ ?

ਏਸ ਗਲੀ 'ਚੋਂ ਲੰਘਣ ਦੀ ਪਾਬੰਦੀ ਹੈ
ਗੂੜੀ ਨੀਦ ਸੁੱਤੀ ਹੈ ਸਰਕਾਰ ਪਈ।

ਕੇਂਦਰ ਤੇ ਮਾਡਰੇਟ ਅਕਾਲੀ ਨੇਤਾਵਾਂ ਨੂੰ ਸਹਿਯੋਗ ਦੀ ਅਪੀਲ

ਚੰਡੀਗੜ੍ਹ: ਭਾਰਤੀ ਕਮਿਊਨਿਸਟ ਪਾਰਟੀ ਦੀ ਪੰਜਾਬ ਕੌਂਸਲ ਨੇ ਕੇਂਦਰੀ ਸਰਕਾਰ ਅਤੇ ਮਾਡਰੇਟ ਅਕਾਲੀ ਨੇਤਾਵਾਂ ਨੂੰ ਕਿਹਾ ਹੈ ਕਿ ਉਹ ਪੰਜਾਬ ਦੇ ਮਸਲੇ ਨੂੰ ਹੱਲ ਕਰਨ ਲਈ ਮਿਲਵਰਤਣ ਵਿਚਜ ਅਸੈਂਬਲੀ ਚੋਣਾਂ ਹੋ ਕੇ ਲੋਕਤੰਤਰ ਬਹਾਲ ਹੋ ਸਕੇ, ਜੋ ਕੌਮੀ ਹਿਤ ਵਿਚ ਹੈ ਅਤੇ ਰਾਜ ਦੇ ਲੋਕ ਇਸ ਦੇ ਚਾਹਵਾਨ ਹਨ।

ਕੌਂਸਲ ਦੀ ਇਥੇ ਮੀਟਿੰਗ ਹੋਈ ਜਿਸ ਵਿਚ ਪੰਜਾਬ ਦੀ ਵਰਤਮਾਨ ਸਥਿਤੀ ਬਾਰੇ ਪਾਰਟੀ ਦੇ ਸਕੱਤਰ ਸ੍ਰੀ ਅਵਤਾਰ ਸਿੰਘ ਮਲਹੋਤਰਾ ਦੀ ਰਿਪੋਰਟ ਦੀ ਸਰਬਸੰਮਤੀ ਨਾਲ ਪ੍ਰਵਾਨਗੀ ਦਿਤੀ ਗਈ ਜਿਸ ਵਿਚ ਪੰਜਾਬ ਦੀ ਸਥਿਤੀ ਦੀ ਜ਼ਿਮੇਂਵਾਰੀ ਕੇਂਦਰ ਅਤੇ ਅਕਾਲੀ ਲੀਡਰਸ਼ਿਪ 'ਤੇ ਪਾਈ ਗਈ ਜੋ ਗੱਲਬਾਤ ਲਈ ਸ਼ਰਤਾਂ ਰਖ ਰਹੇ ਹਨ ਅਤੇ ਕਿਹਾ ਕਿ ਉਨ੍ਹਾਂ ਨੂੰ ਸਪਸ਼ਟ ਹੋਕੇ ਪੱਕੀ ਤਰ੍ਹਾਂ ਲਾਈਨ ਅਖਤਿਆਰ ਕਰਨੀ ਚਾਹੀਦੀ ਹੈ। ਜਿਸ ਦਾ ਅਧਾਰ ਸ਼ਰਤਾਂ ਜਾਂ ਮੋਰਚੇ ਦੀ ਧਮਕੀ ਨਾ ਹੋਵੇ। ਕੌਂਸਲ ਨੇ ਕੇਂਦਰ ਨੂੰ ਕਿਹਾ ਕਿ ਉਹ ਹਾਲਾਤ ਸੁਧਾਰਨ ਲਈ ਹੋਰ ਕਦਮ ਉਠਾਏ ਤਾਂ ਜੋ ਸਰਬ ਪਾਰਟੀ ਮੀਟਿੰਗ ਲਈ ਸਹੀ ਹੱਲ ਲੱਭਿਆ ਜਾਵੇ। ਜੋ ਫਿਰਕੂ ਭੜਕਾਹਟ ਲਈ ਕੀਤੀਆਂ ਜਾ ਰਹੀਆਂ ਹਨ।

ਇਸ ਗੱਲ 'ਤੇ ਤਸੱਲੀ ਪ੍ਰਗਟ ਕੀਤੀ ਗਈ ਕਿ ਪੰਜਾਬ, ਦਿਲੀ ਅਤੇ ਹੋਰ ਥਾਵਾਂ ਦੇ ਆਮ ਲੋਕਾਂ ਅਤੇ ਹਿੰਦੂ ਅਤੇ ਸਿੱਖ, ਸਾਮਰਾਜਵਾਦ ਦੀ ਇਸ ਚਾਲ ਤੋਂ ਬਚ ਰਹੇ ਹਨ ਅਤੇ ਉਨ੍ਹਾਂ ਨੇ ਫਿਰਕੂ ਏਕਤਾ ਸ਼ਾਂਤੀ ਕਾਇਮ ਰਖੀ ਹੈ। ਪ੍ਰਧਾਨ ਮੰਤਰੀ ਵਲੋਂ ਉਠਾਏ ਗਏ ਸਦਭਾਵਨਾ ਭਰੇ ਕਦਮਾਂ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਵਲੋਂ ਦਹਿਸ਼ਤਪ੍ਰਸਤਾਂ ਤੇ ਵਖਵਾਦੀਆਂ ਦੇ ਵਿਰੋਧ ਨਾਲ ਹਾਲਾਤ ਸੁਖਾਵੇਂ ਹੋਏ ਹਨ ਅਤੇ ਮਸਲੇ ਦਾ ਹੱਲ ਸੰਵਿਧਾਨ ਦੇ ਅੰਦਰ ਹੀ ਲੱਭਣਾ ਚਾਹੀਦਾ ਹੈ।

ਕੌਂਸਲ ਨੇ ਦਹਿਸ਼ਤਪ੍ਰਸਤਾਂ ਦੀਆਂ ਵਧ ਰਹੀਆਂ ਸਰਗਰਮੀਆਂ ਜਥੇਦਾਰ ਟੌਹੜਾ ਦੇ ਬਿਆਨ, ਅਨੰਦਪੁਰ ਸਾਹਿਬ ਦੇ ਮਤੇ ਲਈ ਹੱਠ ਅਤੇ ਪੁਲੀਸ ਵਲੋਂ ਬੇਦੋਸ਼ੇ ਲੋਕਾਂ ਉਤੇ ਕੀਤੀ ਜਾ ਰਹੀ ਸਖਤੀ 'ਤੇ ਚਿੰਤਾ ਪ੍ਰਗਟ ਕੀਤੀ ਅਤੇ ਮੰਗ ਕੀਤੀ ਕਿ ਕਾਲੇ ਕਾਨੂੰਨ ਖਤਮ ਕਰਕੇ ਹਾਲਾਤ ਹੋਰ ਸੁਖਾਵੇਂ ਬਣਾਏ ਜਾਣ ਤਾਂ ਜੋ ਕਿਸੇ ਸਿੱਟੇ 'ਤੇ ਪੁਜਿਆ ਜਾ ਸਕੇ।

ਖ਼ੂਨ ਰੋੜਨ 'ਤੇ ਮਿਲੇ ਜੇਕਰ ਖਿਜ਼ਾਵਾਂ ਨੂੰ ਬਹਾਰ,
ਰੰਗ ਦਈਏ ਧਰਤ ਸਾਰੀ, ਹੱਸ ਕੇ ਆਈਏ ਸਰ ਕਟਾਨ.

ਨਫ਼ਰਤ ਫੈਲਾਉਣ ਵਾਲੇ ਕੀਗਸਟਰਾ ਨੂੰ ਪੰਜ ਹਜ਼ਾਰ ਡਾਲਰ ਜੁਰਮਾਨਾ



ਰੈਡ ਡੀਅਰ(ਅਲਬਰਟਾ)— ਅਲਬਰਟਾ ਵਿਚ ਚਲ ਰਹੇ ਪ੍ਰਸਿੱਧ ਕੇਸ ਦਾ ਫੈਸਲਾ ਹੋ ਗਿਆ ਹੈ ਅਤੇ ਯਹੂਦੀਆਂ ਵਿਰੁੱਧ ਨਫਰਤ ਫੈਲਾਉਣ ਦਾ ਦੋਸ਼ ਵਿਚ ਸਾਬਕਾ ਟੀਚਰ ਅਤੇ ਸਾਬਕਾ ਮੇਅਰ ਜਿਮ ਕੀਗਸਟਰਾ ਨੂੰ ਜਿਊਰੀ ਨੇ ਦੋਸ਼ੀ ਸਿੱਧ ਕਰ ਦਿਤਾ ਹੈ। ਜੱਜ ਨੇ ਕੀਗਸਟਰਾ ਨੂੰ ਯਹੂਦੀਆਂ ਵਿਰੁੱਧ ਨਫਰਤ ਫੈਲਾਉਣ ਦੇ ਦੋਸ਼ ਵਿਚ ਪੰਜ ਹਜ਼ਾਰ ਡਾਲਰ ਜੁਰਮਾਨਾ ਕੀਤਾ ਹੈ।

ਕਿਸੇ ਵੀ ਕਮਿਊਨਿਟੀ ਵਿਰੁੱਧ ਨਫਰਤ ਫੈਲਾਉਣ ਦੇ ਹੱਕ ਬਾਰੇ ਅਖੌਤੀ 'ਅਜ਼ਾਦੀ' ਦੀ ਬਣੀ ਧਾਰਨਾ ਇਸ ਕੇਸ ਦੇ ਫੈਸਲੇ ਨਾਲ ਟੁੱਟ ਗਈ ਹੈ। ਇਸ ਤੋਂ ਪਹਿਲਾਂ ਇਕ ਵਿਅਕਤੀ ਜ਼ੁੰਡਲ ਨੂੰ ਕੈਦ ਦੀ ਸਜ਼ਾ ਵੀ ਸੁਣਾਈ ਜਾ ਚੁੱਕੀ ਹੈ।

ਬੰਬਈ ਹਵਾਈ ਅੱਡੇ ਉਪਰ ਰਿਕਾਰਡ ਸੋਨਾ ਬਰਾਮਦ

ਬੰਬਈ: ਬੰਬਈ ਕਸਟਮਜ਼ ਦੀ ਏਅਰ ਇੰਟੈਲੀਜੈਂਸ ਯੂਨਿਟ ਨੇ 120 ਸੋਨੇ ਦੀਆਂ ਛੜਾਂ ਫੜੀਆਂ। ਜਿਨ੍ਹਾਂ ਦੀ ਕੀਮਤ ਕੋਈ 20.51 ਲੱਖ ਰੁਪਏ ਬਣਦੀ ਹੈ। ਬੰਬਈ ਹਵਾਈ ਅੱਡੇ ਉਪਰ ਸੋਨਾ ਫੜੇ ਜਾਣ ਦਾ ਇਹ ਰਿਕਾਰਡ ਹੈ।

ਸਹਾਇਕ ਕੁਲੈਕਟਰ ਐਸ. ਕੇ. ਸਿਨਹਾ ਨੇ ਕਿਹਾ ਕਿ ਯੂਨਿਟ ਅਧਿਕਾਰੀਆਂ ਨੇ ਗਲਫ ਏਅਰ ਦੀ ਉਡਾਣ ਰਾਹੀਂ ਆਏ ਇਕ ਮਾਧਵ ਸ਼ੈੱਟੀ ਦੀ ਤਲਾਸ਼ੀ ਲਈ ਤਾਂ ਉਸ ਪਾਸੋਂ 15 ਛੜਾਂ ਮਿਲੀਆਂ। ਇਸ ਪਿਛੋਂ ਏਅਰ ਇੰਡੀਆ ਦੀ ਉਡਾਣ ਵਿਚ ਆਬੂ ਧਾਬੀ ਤੋਂ ਆਏ ਅਬਦੁੱਲ ਮੁਹੰਮਦ ਰਊਫ ਦੀ ਤਲਾਸ਼ੀ ਲੈਂਦ 'ਤੇ 26 ਲੱਖ ਰੁਪਏ ਕੀਮਤ ਦੀਆਂ 10 ਛੜਾਂ ਫੜੀਆਂ ਗਈਆਂ।

ਸ੍ਰੀ ਸਿਨਹਾ ਨੇ ਦਸਿਆ ਕਿ ਸਿੰਘਾਪੁਰ ਏਅਰ ਲਾਈਨਜ਼ ਦੀ ਉਡਾਣ 'ਤੇ ਆਏ ਸੁਲਤਾਨ ਅਬਦੁੱਲ ਕਾਦਰ ਦੀ ਤਲਾਸ਼ੀ ਲਏ ਜਾਣ ਉਪਰੰਤ ਉਸ ਪਾਸੋਂ 10.66 ਲੱਖ ਰੁਪਏ ਮੁੱਲ ਦੀਆਂ 82 ਸੋਨੇ ਦੀਆਂ ਛੜਾਂ ਬਰਾਮਦ ਹੋਈਆਂ। ਇਹ ਸੋਨਾ ਉਸ ਨੇ ਆਪਣੇ ਸੂਟਕੇਸ ਦੇ ਨਕਲੀ ਥੱਲੇ ਵਿਚ ਛਿਪਾਇਆ ਹੋਇਆ ਸੀ।

ਸਾਊਦੀ ਅਰਬ ਤੋਂ ਸਾਊਦੀਆ ਹਵਾਈ ਕੰਪਨੀ ਦੇ ਜਹਾਜ਼ ਰਾਹੀਂ ਆਇਆ ਅਲਵੀ ਕਰਾਪਟੂਬੇਰੀ ਜਦੋਂ ਹਵਾਈ ਅੱਡੇ ਦੇ ਗਰੀਨ ਚੈਨਲ ਰਾਹੀਂ ਬਾਹਰ ਆ ਰਿਹਾ ਸੀ ਤਾਂ ਯੂਨਿਟ ਦੇ ਅਧਿਕਾਰੀਆਂ ਨੂੰ ਸ਼ੱਕ ਪੈ ਗਿਆ। ਤਲਾਸ਼ੀ ਲੈਣ ਉਪਰ ਉਸ ਪਾਸੋਂ 3.25 ਲੱਖ ਰੁਪਏ ਦੀਆਂ 13 ਸੋਨੇ ਦੀਆਂ ਛੜਾਂ ਬਰਾਮਦ ਹੋਈਆਂ।

ਪਾਕਿਸਤਾਨ ਵਿਚ ਗੁਰਮੁਖੀ ਲਿਪੀ ਲਾਗੂ ਕਰਨ ਦਾ ਭਰੋਸਾ

ਪਟਿਆਲਾ: ਪਾਕਿਸਤਾਨ ਦੇ ਰਾਸ਼ਟਰਪਤੀ ਜ਼ਿਆ ਉਲ-ਹੱਕ ਨੇ ਪਾਕਿਸਤਾਨ ਦੀ ਯਾਤਰਾ ਤੇ ਗਏ ਜਥੇ ਦੇ 19 ਮੈਂਬਰੀ ਵਫਦ, ਜਿਸ ਨੇ ਉਨ੍ਹਾਂ ਨਾਲ ਮੁਲਾਕਾਤ ਕੀਤੀ ਸੀ, ਨੂੰ ਭਰੋਸਾ ਦਿਤਾ ਹੈ ਕਿ ਪਾਕਿਸਤਾਨ ਵਿਚ ਪੰਜਾਬੀ ਲਈ ਗੁਰਮੁਖੀ ਲਿਪੀ ਅਗਲੇ ਸਾਲ ਤੋਂ ਲਾਗੂ ਕਰ ਦਿਤੀ ਜਾਵੇਗੀ।

ਇਹ ਜਾਣਕਾਰੀ ਦਿੰਦਿਆਂ ਵਫਦ ਦੇ ਆਗੂ ਅਤੇ ਜਥੇ ਦੇ ਉਪ ਨੇਤਾ ਜਗਜੀਤ ਸਿੰਘ ਦਰਦੀ ਨੇ ਦੱਸਿਆ ਕਿ ਪਾਕਿਸਤਾਨ ਦੀ ਯਾਤਰਾ ਸਮੇਂ ਉਨ੍ਹਾਂ ਉਸ ਹਵੇਲੀ ਨੂੰ ਵੇਖਿਆ ਜਿਥੇ ਗੁਜਰਾਂਵਾਲਾ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਹੋਇਆ। ਇਹ ਜਥਾ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮਨਾਉਣ ਦੇ ਸਬੰਧ ਵਿਚ ਯਾਤਰਾ ਲਈ ਗਿਆ ਸੀ।

ਪੰਜਾਬ ਦੇ ਸਬਕ

*ਹਰਕਿਸ਼ਨ ਸਿੰਘ ਸੁਰਜੀਤ

(ਲੜੀ ਜੋੜਨ ਲਈ ਕੈਨੇਡਾ ਦਰਪਣ ਦਾ ਪਿਛਲਾ ਅੰਕ ਦੇਖੋ)

ਤੀਹਵਿਆਂ ਦੇ ਅੰਤ ਤੱਕ, ਸਿੱਖ ਕਿਸਾਨੀ ਤੱਕ ਸੀਮਤ ਹੋਣ ਦੀ ਕਿਸਾਨ ਲਹਿਰ ਦੀ ਕਮਜ਼ੋਰੀ ਦਾ ਪਾਰਟੀ ਨੇ ਅਹਿਸਾਸ ਕੀਤਾ ਅਤੇ ਪ੍ਰਾਂਤ ਦੇ ਪੂਰਬੀ ਤੇ ਪੱਛਮੀ ਦੋਨੋਂ ਹਿਸਿਆਂ 'ਚ ਕੰਮ ਕਰਨ ਦੇ ਵਾਸਤੇ ਬਹੁਤ ਸਾਰੇ ਕੇਡਰ ਲਾਏ ਗਏ। ਇਸਦੇ ਚੰਗੇ ਸਿੱਟੇ ਨਿਕਲੇ। ਪੱਛਮੀ ਪੰਜਾਬ ਵਿਚ, ਜਿਥੇ ਜਗੀਰਦਾਰ ਵਧੇਰੇ ਹਾਵੀ ਸਨ, ਕਿਸਾਨਾਂ ਦੀ ਹਾਲਤ ਵਧੇਰੇ ਜ਼ਿਆਦਾ ਭੈੜੀ ਸੀ। ਕਨਕੂਤ ਪ੍ਰਨਾਲੀ, ਜਿਸ ਅਧੀਨ ਫਸਲ ਪੱਕਣ ਤੋਂ ਪਹਿਲਾਂ ਹੀ ਜਗੀਰਦਾਰ, ਮੁਜਾਰੇ ਨੂੰ ਕੁਝ ਛੱਡਣ ਤੋਂ ਬਿਨਾਂ ਹੀ, ਮਨਮਾਨੇ ਤੌਰ 'ਤੇ ਫਸਲ ਦਾ ਆਪਣਾ ਹਿਸਾ ਨਿਰਧਾਰਤ ਕਰ ਲੈਂਦਾ ਸੀ, ਦੇ ਕਾਰਨ ਬੇਚੈਨੀ ਬਹੁਤ ਜ਼ਿਆਦਾ ਸੀ। ਕਿਸਾਨ ਲਹਿਰ ਤੇਜ਼ੀ ਨਾਲ ਵਧਣ ਲਗੀ। ਇਸੇ ਤਰ੍ਹਾਂ ਹਰਿਆਣਾ ਖੇਤਰ ਵਿਚ ਵੀ ਕੁਝ ਸਰਗਰਮੀ ਅਰੰਭ ਹੋਈ। ਐਪਰ ਉਸ ਸਮੇਂ ਤੱਕ ਪਾਕਿਸਤਾਨ ਦਾ ਨਾਹਰਾ ਉਭਰ ਕੇ ਮੂਹਰੇ ਆ ਚੁਕਿਆ ਸੀ, ਅਤੇ ਲੋਕ ਫਿਰ ਫਿਰਕੂ ਲੀਹਾਂ 'ਤੇ ਵੰਡੇ ਗਏ। ਦੇਸ਼ ਦੀ ਵੰਡ ਦੇ ਨਾਲ ਹੀ ਜਗੀਰੂਆਂ ਤੇ ਅੰਗਰੇਜ਼ ਸਾਮਰਾਜੀਆਂ ਦੀ ਸਹਾਇਤਾ ਪਰਾਪਤ ਫਿਰਕਾਪ੍ਰਸਤ ਤੱਤਾ ਵਲੋਂ ਜਥੇਬੰਦ ਕੀਤਾ ਗਿਆ ਕਤਲੇ ਆਮ ਹੋਇਆ।


ਦੋ ਹੋਰ ਕਾਰਕ ਵੀ ਸਨ ਜਿਹੜੇ ਸਿੱਖ ਕਿਸਾਨੀ ਤੇ ਅਕਾਲੀ ਦਲ ਦੀ ਜਕੜ ਮਜ਼ਬੂਤ ਕਰਨ 'ਚ ਸਹਾਈ ਹੋਏ। ਕਮਿਊਨਿਸਟ ਪਾਰਟੀ ਦੇ ਪਾਕਿਸਤਾਨ ਦੀ ਮੰਗ ਦੇ ਲਈ ਸਮਰਥਨ ਨੇ ਅਕਾਲੀ ਆਗੂਆਂ ਦੀ ਸਿੱਖ ਰਾਜ ਬਨਾਉਣ ਦੀ ਮੰਗ ਨੂੰ ਬਲ ਦਿਤਾ। 1945 ਵਿਚ ਥੋੜੇ ਸਮੇਂ ਲਈ, ਖੁਦ ਪਾਰਟੀ ਨੇ ਵੀ ਸਿੱਖ ਹੋਮਲੈਂਡ ਦੇ ਨਾਅਰੇ ਦਾ ਸਮਰਥਨ ਕੀਤਾ ਸੀ। ਐਪਰ ਇਸ ਗਲਤੀ ਨੂੰ ਬਹੁਤ ਛੇਤੀ ਦਰੁਸਤ ਕਰ ਲਿਆ ਗਿਆ ਸੀ। ਅਕਾਲੀਆਂ ਦੀ ਇਸ ਮੰਗ ਨੇ ਫਿਰਕੂ ਰਾਜਨੀਤੀ ਨੂੰ ਬਹੁਤ ਬਲ ਬਖਸ਼ਿਆ। ਸਭਾਵਕ ਤੌਰ ਤੇ ਇਸ ਨਾਲ ਹਿਦੂਆਂ 'ਚ ਫਿਰਕੂ ਭਾਵਨਾਵਾਂ ਭੜਕ ਉਠੀਆਂ। ਸਿੱਖਾਂ ਦੀ ਸ਼ਾਂਨ, ਸਿੱਖਾਂ ਦੀ ਹਸਤੀ, ਸਿੱਖ ਪਰੰਪਰਾਵਾਂ ਆਦਿ ਦੀਆਂ ਭਾਵਨਾਵਾਂ ਨੂੰ ਫਿਰ ਤੋਂ ਸੁਰਜੀਤ ਕਰਨ ਵਾਸਤੇ ਅਕਾਲੀ ਦਲ ਨੇ ਇਸ ਦੌਰ ਵਿਚ ਕਾਫੀ ਸਹਿਤ ਛਾਪਿਆ। ਸਾਮਰਾਜਵਾਦ ਨਾਲ ਸੌਦੇਬਾਜੀ ਕਰ ਸਕਣ ਲਈ ਅਕਾਲੀਆਂ ਨੂੰ ਆਪਣੀ ਵਲ ਰੱਖਣ ਦੀ ਗਰਜ਼ ਨਾਲ, ਇੰਡੀਅਨ ਨੈਸ਼ਨਲ ਕਾਂਗਰਸ ਦੀ ਲੀਡਰਸ਼ਿਪ ਨੇ ਵੀ ਇਨ੍ਹਾਂ ਨੂੰ ਤਰ੍ਹਾ ਤਰ੍ਹਾਂ ਦੇ ਭਰੋਸੇ ਦੇ ਕੇ ਇਸ ਵਿਚਾਰਧਾਰਾ ਨੂੰ ਫੈਲਾਉਣ ਵਿਚ ਹਿਸਾ ਪਾਇਆ

ਦੂਸਰਾ ਕਾਰਕ ਇਹ ਸੀ ਕਿ ਸੋਵੀਅਤ ਯੂਨੀਅਨ ਉਤੇ ਨਾਜੀ ਹਮਲੇ ਦੇ ਪਿਛੋਂ ਪਾਰਟੀ ਨੇ ਜਦ ਕਿ ਸਹੀ ਤੌਰ ਤੇ ਜੰਗ ਦਾ ਖਾਸਾ ਲੋਕ ਯੁਧ ਨਿਰਧਾਰਤ ਕੀਤਾ ਸੀ, ਐਪਰ ਇਹ ਅੰਤਰਰਾਸ਼ਟਰੀ ਖੇਤਰ ਦੀ ਪਰਮੁੱਖ ਵਿਰੋਧਤਾਈ ਦਾ ਰਾਸ਼ਟਰੀ ਖੇਤਰ ਦੀਆਂ ਵਿਰੋਧਤਾਈਆਂ ਦੇ ਨਾਲ ਸਹੀ ਸਬੰਧ ਨਾ ਜੋੜ ਸਕੀ। ਇਸ ਕਰਕੇ ਪਾਰਟੀ ਰਾਸ਼ਟਰਵਾਦੀ ਜਜ਼ਬਾਤਾਂ ਤੋਂ ਕੱਟੀ ਗਈ। 1946 ਦੀਆਂ ਅਸੈਂਬਲੀ ਚੋਣਾਂ ਵਿਚ, ਇਸਨੂੰ ਇਕ ਵੀ ਸੀਟ ਨਾ ਮਿਲੀ, ਭਾਵੇਂ 1937 ਵਿਚ ਇਸਨੇ ਛੇ ਸੀਟਾਂ ਜਿਤੀਆਂ ਸਨ।

ਅਜ਼ਾਦੀ ਦੇ ਪਿਛੋਂ, ਕਾਂਗਰਸ ਦੇ ਨਾਲ ਗਠਜੋੜ ਹੋਣ ਕਰਕੇ ਅਤੇ ਸਤਾ 'ਚ ਇਸ ਨਾਲ ਭਾਈਵਾਲ ਹੋਣ ਕਰਕੇ, ਅਕਾਲੀਆਂ ਨੂੰ ਆਪਣੀਆਂ ਭੈੜੀਆਂ ਕਰਤੂਤਾਂ ਤੇ ਪੜਦਾ ਪਾਉਣ 'ਚ ਆਸਾਨੀ ਰਹੀ। ਫਿਰ ਵੀ ਇਨ੍ਹਾਂ ਨੇ ਆਪਣੀ ਸੰਕੀਰਨ ਅਪੀਲ ਨਾ ਛੱਡੀ ਅਤੇ ਦੋਗਲੀ ਭੂਮਿਕਾ ਨਿਭਾਉਂਦੇ ਰਹੇ — ਇਕ ਪਾਸੇ ਕਾਂਗਰਸ ਨਾਲ ਸਹਿਯੋਗ, ਅਤੇ ਦੂਸਰੇ ਪਾਸੇ ਸਿੱਖ ਬੋਲ-ਬਾਲੇ ਵਾਲੇ 'ਪੰਜਾਬੀ ਸੂਬੇ' ਦਾ ਨਾਹਰਾ ਚੁਕਣਾ।' ਕਿਉਂ ਜੋ ਪੰਜਾਬੀ ਕੌਮੀਅਤ ਬੁਰੀ ਤਰ੍ਹਾਂ ਵੰਡੀ ਹੋਈ ਸੀ, ਪੰਜਾਬ ਦੇ ਭਾਸ਼ਾਈ ਪੁਨਰਗਠਨ ਵਾਸਤੇ ਇਕ ਸਾਂਝੀ ਲਹਿਰ ਨਾਂ ਉਸਾਰੀ ਜਾ ਸਕੀ, ਜਦ ਕਿ ਉਧਰ ਅਕਾਲੀਆਂ ਨੇ ਸਿੱਖ ਬੋਲ-ਬਾਲੇ ਵਾਲੇ 'ਪੰਜਾਬੀ ਰੂਪ' ਦੀ ਮੁਹਿਮ ਜਾਰੀ ਰੱਖੀ। ਫਿਰਕਾਪ੍ਰਸਤ ਸ਼ਕਤੀਆਂ ਨੇ ਅਤੇ ਕਾਂਗਰਸ ਪਾਰਟੀ ਨੇ ਵਿਸ਼ਾਲ ਹਿੰਦੂ ਜਨਸਮੂਹ ਦੇ ਮਨਾਂ 'ਚ ਪਹਿਲਾਂ ਹੀ ਜ਼ਹਿਰ ਭਰ ਦਿਤੀ ਹੋਈ ਸੀ। ਪੰਜਾਬ 'ਚ ਰਾਜ ਦੇ ਪੁਨਰਗਠਨ ਦੀ ਮੰਗ ਕਾਂਗਰਸ ਨੇ ਨਹੀਂ ਉਠਾਈ। ਇਸਦੇ ਉਲਟ, ਕੇਂਦਰ ਵਿਖੇ ਬੁਰਜਵਾ-ਲੈਂਡਲਾਰਡ ਲੀਡਰਸ਼ਿਪ ਦੇ ਹਿਤਾਂ ਦੀ ਪੂਰਤੀ ਲਈ ਅਤੇ ਹਿੰਦੂਆਂ ਤੇ ਸਿੱਖਾਂ ਵਿਚਾਲੇ ਦਿਵਾਰ ਖੜੀ ਕਰਕੇ ਆਪਣੇ ਆਪ ਨੂੰ ਸੱਤਾ ਵਿਚ ਬਣਾਈ ਰੱਖਣ ਵਾਸਤੇ, ਇਸਨੇ ਇਸ ਮੰਗ ਦਾ ਸਖਤ ਵਿਰੋਧ ਕੀਤਾ

ਰੀਜ਼ਨਲ ਫਾਰਮੂਲੇ ਦੇ ਅਧਾਰ 'ਤੇ ਹੋਏ ਕਾਂਗਰਸ-ਅਕਾਲੀ ਸਮਝੌਤੇ ਤੋਂ ਪਿਛੋਂ ਕਮਿਊਨਿਸਟ ਪਾਰਟੀ ਇਹ ਰੋਕਾਂ ਤੋੜਕੇ ਰਾਹ ਬਣਾ ਸਕੀ। ਪਾਰਟੀ ਹਿੰਦੂ ਅਤੇ ਸਿੱਖ ਕਿਸਾਨੀ, ਦੋਨਾਂ ਨੂੰ ਉਭਾਰਨ ਵਿਚ ਸਫਲ ਹੋਈ ਅਤੇ 1957 ਦੀਆਂ ਚੋਣਾਂ ਵਿਚ 12 ਲੱਖ ਵੋਟ ਪਰਾਪਤ ਕਰਕੇ ਪ੍ਰਾਂਤ ਵਿਚ ਦੂਜੇ ਨੰਬਰ ਦੀ ਪਾਰਟੀ ਬਣਕੇ ਉਭਰੀ ਦੋ ਸਾਲ ਪਿਛੋਂ, ਜਦ ਭਾਖੜਾ ਨਹਿਰ ਪ੍ਰਨਾਲੀ ਦੀ ਲਾਗਤ ਪੂਰੀ ਕਰਨ ਵਾਸਤੇ ਪੈਸਾ ਇਕੱਠਾ ਕਰਨ ਦੇ ਉਦੇਸ਼ ਨਾਲ, ਪੰਜਾਬ ਦੇ ਕਿਸਾਨਾਂ ਤੇ 142 ਕਰੋੜ ਰੁਪਏ ਦਾ ਖੁਸ਼ਹੈਸੀਅਤ ਟੈਕਸ ਮੜ੍ਹ ਦਿਤਾ ਤਾਂ ਉਸਦੇ ਵਿਰੁਧ ਸਮੂਹ ਰਾਜਨੀਤਕ ਪਾਰਟੀਆਂ ਦੇ ਪਰਭਾਵ ਹੇਠਲੇ ਕਿਸਾਨਾਂ ਦੇ ਸਮੂਹ ਭਾਗਾਂ ਨੂੰ ਪਾਰਟੀ ਹਰਕਤ ਵਿਚ ਲਿਆ ਸਕੀ। ਕਿਸਾਨਾਂ ਤੇ ਵਹਿਸ਼ੀ ਜਬਰ ਢਾਹਿਆ ਗਿਆ, ਉਨ੍ਹਾਂ ਨੇ ਗੋਲੀਆਂ ਖਾਧੀਆਂ, ਅਥਵਾ ਉਨ੍ਹਾਂ ਹਰ ਪਰਕਾਰ ਦੇ ਜ਼ਬਰ ਜ਼ੁਲਮ ਦਾ ਡੱਟਵਾਂ ਮੁਕਾਬਲਾ ਕੀਤਾ। ਪਾਰਟੀ ਦੀ ਛੇਵੀਂ ਕਾਂਗਰਸ ਨੇ ਇਸ ਸੰਘਰਸ਼ ਕਰਾਰ ਦਿਤਾ ਸੀ। ਇਸ ਸੰਘਰਸ਼ ਦੇ ਨਾਲ ਹੀ ਕੀਮਤਾਂ 'ਚ ਵਾਧੇ ਵਿਰੁਧ ਸੰਘਰਸ਼ ਦਾ ਤਾਲਮੇਲ ਵੀ ਕੀਤਾ ਗਿਆ। ਐਪਰ ਕਈ ਕਾਰਨਾਂ ਕਰਕੇ, ਜਿਨ੍ਹਾ ਦੇ ਵਿਸਥਾਰ 'ਚ ਮੈਂ ਇਥੇ ਨਹੀਂ ਜਾ ਰਿਹਾ, ਲਹਿਰ ਦੀਆਂ ਪ੍ਰਾਪਤੀਆਂ ਨੂੰ ਸੰਚਤ ਕਰਕੇ ਪਕਾ ਨਾ ਕੀਤਾ ਜਾ ਸਕਿਆ। ਇਸਦੇ ਉਲਟ ਪਾਰਟੀ ਦੀ ਭਾਰੂ ਲੀਡਰਸ਼ਿਪ ਵਲੋਂ ਅਪਣਾਈ ਜਮਾਤੀ ਭਿਆਲੀ ਦੀ ਨੀਤੀ ਦੇ ਕਾਰਨ ਅੰਤਰ ਪਾਰਟੀ ਗੰਭੀਰ ਮਤਭੇਦ ਉਭਰ ਆਏ ਅਤੇ 1964 ਵਿਚ ਪਾਰਟੀ ਦੋ ਫਾੜ ਹੋ ਗਈ।

ਕਿਸਾਨੀ ਦੀ ਵਿਆਪਕ ਬੇਚੈਨੀ ਦਾ ਲਾਭ ਉਠਾਕੇ ਅਕਾਲੀ ਇਕ ਵਾਰ, ਫਿਰ 1967 ਦੀਆਂ ਚੋਣਾਂ 'ਚ ਪਰਮੁਖ ਤਾਕਤ ਬਣਕੇ ਉਭਰੇ ਅਤੇ ਉਨ੍ਹਾਂ ਨੇ ਜਨਸੰਘ ਤੇ ਸੀ. ਪੀ. ਆਈ. ਨਾਲ ਮਿਲਕੇ ਕੋਲੀਸ਼ਨ ਸਰਕਾਰ ਬਣਾਈ ਜਿਸ ਨੂੰ ਸੀ. ਪੀ. ਆਈ. (ਐਮ) ਦੀ ਬਾਹਰ ਤੋਂ ਹਮਾਇਤ ਹਾਸਲ ਸੀ। ਸੀ. ਪੀ. ਆਈ. (ਐਮ) ਨੇ ਮੰਤਰੀ ਮੰਡਲ 'ਚ ਸ਼ਾਮਲ ਹੋਣ ਤੋਂ ਤਾਂ ਇਨਕਾਰ ਕੀਤਾ, ਐਪਰ



ਇਸਨੇ ਅਕਾਲੀ ਦਲ ਦੀਆਂ ਸੰਕਰੀਨ, ਫਿਰਕੂ ਨੀਤੀਆਂ ਵਿਰੁਧ ਸੰਘਰਸ਼ ਨਾ ਚਲਾਇਆ, ਮਿਹਨਤਕਸ਼ ਜਨਸਮੂਹ, ਖਾਸ ਕਰ ਕਿਸਾਨੀ ਨੂੰ ਜੋ ਰਿਆਇਤਾਂ ਦਿਤੀਆਂ ਗਈਆਂ ਉਨ੍ਹਾਂ 'ਤੇ ਹੀ ਸੰਤੁਸ਼ਟ ਹੋਈ ਰਹੀ। ਅਨੇਕ ਲੈਂਡਲਾਰਡ ਅਤੇ ਧਨੀ ਕਿਸਾਨ ਕਾਂਗਰਸ ਦੀ ਵਫਾਦਾਰੀ ਛਡ ਕੇ ਅਕਾਲੀ ਦਲ ਦੇ ਵਫਾਦਾਰ ਬਣ ਗਏ। ਇਸ਼ ਸਮੇਂ ਦੌਰਾਨ, ਅਕਾਲੀ ਲੀਡਰਸ਼ਿਪ ਨੇ ਫੋਕੇ ਲੋਕ-ਪ੍ਰਿਅਤਾਵਾਦੀ (Populist) ਨਾਹਰਿਆਂ ਨੂੰ ਫਿਰਕੂ ਅਪੀਲਾਂ ਨਾਲ ਜੋੜਿਆ।

1973 ਵਿਚ, ਅਕਾਲੀ ਦਲ ਨੇ ਅਨੰਦਪੁਰ ਮਤਾ ਲੈ ਆਂਦਾ। ਐਪਰ ਇਸਨੂੰ ਪਾਸ ਕਰਨ ਬਾਅਦ, ਉਸਨੇ ਇਸਨੂੰ ਪਰਚਾਰਿਆ ਨਹੀਂ ਅਤੇ ਕਿਉਂ ਜੋ, ਅਕਾਲੀ ਕਾਂਗਰਸ ਦੇ ਦੂਰ ਰਾਜ ਦੇ ਵਿਰੁਧ ਵਧ ਰਹੀ ਲਹਿਰ ਵਿਚ ਸ਼ਾਮਲ ਹੋ ਚੁਕੇ ਸਨ, ਇਸ ਮਤੇ ਨੂੰ ਉਸ ਪੜਾਅ 'ਤੇ ਹੀ ਬੇਨਕਾਬ ਵੀ ਨਾ ਕੀਤਾ ਗਿਆ। ਅਕਾਲੀ ਸਿੱਖ ਇਕ ਵਖਰੀ ਕੌਮ (Nation) ਦੇ ਜ਼ਹਿਰੀਲੇ ਸਿਧਾਂਤ ਨੂੰ ਚਿੰਬੜੇ ਹੋਏ ਸਨ। ਰਾਜਾਂ ਲਈ ਵਧੇਰੇ ਅਧਿਕਾਰਾਂ ਦੀ ਉਨ੍ਹਾਂ ਦੀ ਮੰਗ ਦਰਅਸਲ ਜਮਹੂਰੀ ਢਾਂਚੇ ਨੂੰ ਅਤੇ ਉਸ ਰਾਹੀਂ ਦੇਸ਼ ਦੀ ਏਕਤਾ ਨੂੰ ਮਜਬੂਤ ਬਨਾਉਣ ਦੀ ਇੱਛਾ ਵਿਚੋਂ ਨਹੀਂ ਪੈਦਾ ਹੁੰਦੀ, ਸਗੋਂ ਸਿਰਫ ਵਧੇਰੇ ਅਧਿਕਾਰ ਹਾਸਲ ਕਰਨ ਦੇ ਨਿਸ਼ਾਨੇ ਤੋਂ ਉਤਪੰਨ ਹੁੰਦੀ ਹੈ ਤਾਂ ਕਿ ਸਿੱਖ ਲੋਟੂ ਜਮਾਤਾਂ ਸਤਾ ਦੇ ਢਾਂਚੇ ਵਿਚ ਆਪਣਾ ਹਿਸਾ ਪਰਾਪਤ ਕਰ ਸਕਣ।

ਐਪਰ, ਨਾਲ ਹੀ, ਇਸ ਗਲ ਨੂੰ ਵੀ ਧਿਆਨ 'ਚ ਰੱਖਣਾ ਚਾਹੀਦਾ ਹੈ ਕਿ ਦਰਿਆਈ ਪਾਣੀਆਂ ਦੀ ਵੰਡ, ਪੰਜਾਬ ਤੇ ਹਰਿਆਣਾ ਵਿਚਾਲੇ ਇਲਾਕਿਆਂ ਸਬੰਧੀ ਝਗੜਿਆਂ, ਅਤੇ ਚੰਡੀਗੜ ਪੰਜਾਬ ਨੂੰ ਤਬਦੀਲ ਕਰਨ ਵਰਗੀਆਂ, ਸਮੁਚੇ ਪੰਜਾਬੀ ਜਨਸਮੂਹ ਦੀਆਂ ਜਮਹੂਰੀ ਮੰਗਾਂ ਅਕਾਲੀ ਦਲ ਅਜ ਵੀ ਉਠਾ ਰਿਹਾ ਹੈ। ਅਕਾਲੀ ਦਲ ਅਪੋਜ਼ੀਸ਼ਨ ਪਾਰਟੀਆਂ ਦੀਆਂ ਕਾਨਫਰੰਸਾਂ ਵਿਚ ਸ਼ਾਮਲ ਹੋਇਆ ਹੈ ਅਤੇ ਕੇਂਦਰ ਰਾਜ ਸਬੰਧਾਂ ਦੇ ਜਮਹੂਰੀ ਪੁਨਰਗਠਨ ਨਾਲ ਸਬੰਧਤ ਸ੍ਰੀਨਗਰ ਕਾਨਫਰੰਸ ਦੇ ਮਤੇ ਉਤੇ ਅਤੇ ਕਲਕੱਤਾ ਵਲੋਂ ਪਰਵਾਨ ਕੀਤੇ ਗਿਆਰਾਂ ਸੂਤਰੀ ਆਰਥਿਕ ਮੰਗ ਪਤਰ 'ਤੇ ਉਸ ਨੇ ਵੀ ਦਸਖਤ ਕੀਤੇ ਹੋਏ ਹਨ। ਅਕਾਲੀ ਦਲ ਐਮਰਜੈਂਸੀ ਦੇ ਖਾਤਮੇ ਤਕ ਇਸ ਵਿਰੁਧ ਲੜਿਆ, ਅਤੇ ਜਮਹੂਰੀ ਅਧਿਕਾਰਾਂ ਅਤੇ ਸ਼ਹਿਰੀ ਅਜ਼ਾਦੀਆਂ ਦੇ ਲਈ ਉਹ ਅਜ ਵੀ ਲੜ ਰਿਹਾ ਹੈ। ਖੇਤੀ ਉਪਜਾਂ ਤੇ ਲਾਹੇਵੰਦ ਭਾਅਾਂ ਲਈ ਬਿਜਲੀ ਅਤੇ ਆਬਿਆਨਾਂ ਦਰਾਂ 'ਚ ਵਾਧੇ ਦੇ ਵਿਰੁਧ ਅਤੇ ਖੇਤੀ ਲਈ ਲੋੜੀਂਦੀਆਂ ਵਸਤਾਂ ਖਾਦ ਆਦਿ ਦੀਆਂ ਮੁਨਾਸਬ ਕੀਮਤਾਂ 'ਤੇ ਸਪਲਾਈ ਆਦਿ ਕਿਸਾਨ ਮੰਗਾਂ 'ਤੇ ਚਲੇ ਸਾਂਝੇ ਸੰਘਰਸ਼ਾਂ ਵਿਚ ਅਕਾਲੀ ਦਲ ਨੇ ਹਿੱਸਾ ਲਿਆ ਹੈ। ਦੇਸ਼ ਦੀ ਜਮਹੂਰੀ ਲਹਿਰ ਇਸ ਜਨਸਮੂਹ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੀ।

ਅਕਾਲੀਆਂ ਨੇ, ਹਮੇਸ਼ਾਂ ਹੀ ਆਪਣੇ ਰਾਜਨੀਤਕ ਉਦੇਸ਼ਾਂ ਲਈ ਗੁਰਦੁਆਰਿਆਂ ਦੀ ਵਰਤੋਂ ਕੀਤੀ ਹੈ। ਅਰੰਭਕ ਪੜਾਵਾਂ ਵਿਚ ਉਨ੍ਹਾਂ ਨੇ ਇਨ੍ਹਾਂ ਦੀ ਵਰਤੋਂ ਸਾਮਰਾਜਵਾਦ ਵਿਰੋਧੀ ਸੰਘਰਸ਼ ਲਈ ਕੀਤੀ। ਐਪਰ ਹਾਲ ਹੀ ਦੇ ਸਮੇਂ 'ਚ ਉਨ੍ਹਾ ਨੇ ਐਸ. ਜੀ. ਪੀ. ਸੀ. ਨੂੰ ਅਕਾਲੀ ਦਲ ਦੀ ਲਗਪਗ ਸਮਾਨਅਰਥ ਜਥੇਬੰਦੀ ਹੀ ਬਣਾ ਦਿਤਾ ਹੋਇਆ ਹੈ। ਇਸ ਤਰ੍ਹਾਂ ਜਦ ਜਮਹੂਰੀ ਲਹਿਰ ਤੋਂ ਸ਼ਹਿਰੀ ਅਜ਼ਾਦੀਆਂ ਮੁਕੰਮਲ ਤੌਰ 'ਤੇ ਖੋਹੀਆਂ ਹੋਈਆ ਹਨ, ਉਸ ਸਮੇਂ ਵੀ ਅਕਾਲੀ ਲਾਭਕਾਰੀ ਸਥਿਤੀ ਵਿਚ ਹਨ ਅਤੇ ਉਨ੍ਹਾਂ ਨੂੰ ਆਪਣੀ ਵਿਚਾਰਧਾਰਾ ਦਾ ਪ੍ਰਚਾਰ ਕਰਨ ਵਾਸਤੇ ਹਰ ਪਿੰਡਾਂ 'ਚ ਗੁਰਦੁਆਰੇ ਦੇ ਰੂਪ 'ਚ ਇਕ ਬਣਿਆ ਬਣਾਇਆ ਪਲੇਟਫਾਰਮ ਪ੍ਰਾਪਤ ਹੈ। ਗੁਰਦੁਆਰਿਆਂ ਵਿਚ ਜਾਣ ਵਾਲੇ ਲੱਖਾਂ ਸਿੱਖਾਂ ਦਾ ਜਿਹੜੇ ਉਥੇ ਫਿਰਕੂ ਅਪੀਲਾਂ ਸੁਣਦੇ ਹਨ ਇਨ੍ਹਾਂ ਤੋਂ ਪਰਭਾਵਤ ਹੋਣਾ ਲਾਜ਼ਮੀ ਹੈ, ਖਾਸ ਕਰਕੇ ਉਸ ਸਮੇਂ ਜਦੋਂ ਬਾਹਰ ਕੋਈ ਸ਼ਕਤੀਸ਼ਾਲੀ ਜਮਹੂਰੀ ਲਹਿਰ ਨਹੀਂ ਹੈ। ਇਹ ਸਿਰਫ ਕਾਂਗਰਸ (ਆਈ) ਸਰਕਾਰ ਹੀ ਹੈ ਜਿਸ ਦਾ ਇਸੇ ਤਰ੍ਹਾਂ ਵਿਸ਼ਾਲ ਜਨ-ਸੰਚਾਰ ਸਾਧਨਾਂ 'ਤੇ ਕੰਟਰੋਲ ਹੈ, ਐਪਰ ਇਹ ਇਨ੍ਹਾਂ ਸਾਧਨਾਂ ਦੀ ਧਰਮਨਿਰਲੇਪਤਾ ਦੀ ਝੰਡਾ ਬਰਾਦਰੀ ਕਰਨ ਅਤੇ ਫਿਰਕੂ ਅਪੀਲਾਂ ਦਾ ਟਾਕਰਾ ਕਰਨ ਵਾਸਤੇ ਵਰਤੋਂ ਕਰਨ ਵਿਚ ਅਸਫਲ ਰਹੀ ਹੈ। ਇਹ ਸੁਭਾਵਕ ਹੀ ਹੈ, ਕਿਉਂਕਿ ਕਾਂਗਰਸ (ਆਈ) ਅਤੇ ਉਸ ਦੀ ਸਰਕਾਰ ਦੇ ਲਈ ਧਰਮਨਿਰਲੇਪਤਾ ਦਾ ਮਤਲਬ ਧਰਮ ਨੂੰ ਰਾਜ ਤੋਂ ਅਲੱਗ ਰਖਣਾ ਨਹੀਂ, ਸਗੋਂ ਸਮੂਹ ਧਰਮਾਂ ਨੂੰ ਸਰਕਾਰੀ ਸਰਪ੍ਰਸਤੀ ਦੇਣਾ ਹੈ।

ਸਾਡੀ ਵਿਦਿਆ ਪ੍ਰਨਾਲੀ ਵੀ ਹਕਮ ਬੁਰਜਵਾ-ਲੈਂਡਲਾਰਡ ਜਮਾਤਾਂ ਦੀਆਂ ਲੋੜਾਂ ਦੇ ਅਨੁਕੂਲ ਬਣਾਈ ਹੋਈ ਹੈ। ਇਤਿਹਾਸ ਦੀਆਂ ਪੁਸਤਕਾਂ ਰਾਸ਼ਟਰਵਾਦ ਦੀਆਂ, ਦੇਸ਼ ਭਗਤੀ ਦੀਆਂ ਅਤੇ ਸਾਮਰਾਜਵਾਦ ਵਿਰੋਧ ਦੀਆਂ ਭਾਵਨਾਵਾਂ ਨਹੀਂ ਪੈਦਾ ਕਰਦੀਆਂ, ਸਗੋਂ ਇਹ ਇਕ ਤਰੋੜਿਆ ਮਰੋੜਿਆ ਮਰੋੜਿਆਂ ਦਰਿਸ਼ਟੀਕੋਣ ਬਣਾਉਂਦੀਆਂ ਹਨ ਜਿਸ ਵਿਚ ਸਾਡੇ ਇਤਿਹਾਸ ਨੂੰ ਫਿਰਕੂ ਜਾਂ ਜਾਤੀਵਾਦੀ ਰੰਗ ਦੇਣ ਦੀ ਬਹੁਤ ਗੁੰਜਾਇਸ਼ ਹੁੰਦੀ ਹੈ। ਘਟਨਾਵਾਂ ਅਤੇ ਭਿੰਨ ਭਿੰਨ ਜਮਾਤਾਂ ਵਲੋਂ ਨਿਭਾਏ ਜਾਂਦੇ ਰੋਲ ਸਬੰਧੀ ਵਿਗਿਆਨਕ ਸਮਝ ਨਵੀਂ ਪੀੜ੍ਹੀ ਨੂੰ ਦੇਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਜਾਂਦੀ। ਇਤਿਹਾਸਕ ਘਟਨਾਵਾਂ ਦੀ ਸਾਮਰਾਜੀਆਂ ਨੇ ਜਿਹੜੇ ਵਿਆਖਿਆ ਪਹਿਲਾਂ ਪੇਸ਼ ਕੀਤੀ ਜਾਂਦੀ ਸੀ, ਉਸ ਨੂੰ ਅਜ ਵੀ ਠੀਕ ਮੰਨਿਆ ਜਾਂਦਾ ਹੈ। ਅਜਾਦੀ ਦੇ 37 ਸਾਲਾਂ ਦੇ ਪਿਛੋਂ ਵੀ, ਅਨੇਕਾਂ ਵਿਦਿਅਕ ਸੰਸਥਾਵਾਂ ਦੀ ਮਾਲਕੀ ਅਤੇ ਪ੍ਰਬੰਧ ਧਾਰਮਿਕ ਸੰਸਥਾਵਾਂ ਦੇ ਹਥਾਂ ਵਿਚ ਹੀ ਹੈ, ਅਤੇ ਘਟ ਗਿਣਤੀਆਂ ਦੇ ਅਧਿਕਾਰਾਂ ਦੇ ਨਾਂ 'ਤੇ ਉਨ੍ਹਾਂ ਨੂੰ ਕੁਝ ਵੀ ਕਰਨ ਦੀ ਸੁਰੱਖਿਆ ਸੰਵਿਧਾਨ 'ਚ ਹਾਸਲ ਹੈ। ਬਿਨਾਂ ਕਿਸੇ ਡਰ ਡੁਕਰ ਦੇ ਇਹ ਬਚਿਆਂ 'ਚ ਫਿਰਕੂ ਨਫਰਤ ਦਾ ਜ਼ਹਿਰ ਫੈਲਾ ਸਕਦੀਆਂ ਹਨ। ਇਸੇ ਕਰਕੇ ਮੌਜੂਦਾ ਵਿਦਿਅਕ ਪਰਣਾਲੀ ਵਿਚ ਰੈਡੀਕਲ ਤਬਦੀਲੀਆਂ ਦਾ ਸਵਾਲ ਮਹੱਤਵ ਪੂਰਨ ਬਣਦਾ ਹੈ।

ਇਹ ਕੰਮ ਹੋਰ ਵੀ ਜ਼ਰੂਰੀ ਹੈ ਕਿਉਂਕਿ, ਕੌਮੀ ਅਜ਼ਾਦੀ ਲਹਿਰ ਵਿਚ ਭਾਗ ਲੈਣ ਵਾਲੀ, ਪੁਰਾਣੀ ਪੀੜ੍ਹੀ ਜਿਸ ਨੂੰ ਅਜੇ ਵੀ ਧਰਮਨਿਰਲੇਪਤਾ ਤੇ ਰਾਸ਼ਟਰੀ ਏਕਤਾ ਆਦਿ ਦੀ ਕਦਰ ਹੈ, ਹੁਣ ਸਹਿਜੇ ਸਹਿਜੇ ਰਾਜਨੀਤਕ ਮੰਚ ਤੋਂ ਅਲੋਪ ਹੁੰਦੀ ਜਾ ਰਹੀ ਹੈ। ਨਵੀਂ ਪੀੜੀ ਉਨ੍ਹਾਂ ਦੇ ਰਹਿਮ 'ਤੇ ਹੀ ਹੈ। ਜਿਹੜੇ ਫਿਰਕਾਪ੍ਰਸਤੀ ਵੱਖਵਾਦ, ਸੰਕਰੀਨ ਅਤੇ ਵੰਡਵਾਦੀ ਰਾਜਨੀਤੀ ਦੇ ਖੇਡ ਖੇਡ ਰਹੇ ਹਨ। ਇਸੇ ਕਰਕੇ, ਵਿਦਿਆਰਥੀਆਂ, ਨੌਜਵਾਨਾਂ, ਇਸਤਰੀਆਂ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਅਤੇ ਘਟ ਗਿਣਤੀਆਂ ਵਿਚ, ਜਿਹੜੇ ਕਿ ਇਨ੍ਹਾਂ ਵੰਡਵਾਦੀ ਰੁਝਾਨਾਂ ਦਾ ਅਸਾਨੀ ਨਾਲ ਸ਼ਿਕਾਰ ਹੋ ਜਾਂਦੇ ਹਨ, ਪਾਰਟੀ ਦਾ ਕੰਮ ਤੇਜ਼ ਕਰਨ ਦਾ ਫੌਰੀ ਕਾਰਜ ਦਾ ਮਹੱਤਵ ਸਾਹਮਣੇ ਆਉਂਦਾ ਹੈ।

ਪੰਜਾਬ ਦੀਆਂ ਹਾਲ ਹੀ ਦੀਆਂ ਘਟਨਾਵਾਂ, ਜਿਨ੍ਹਾਂ ਕਰਕੇ ਫਿਰਕੂ ਵੰਡ ਹੋ ਗਈ ਹੈ ਅਤੇ ਪੰਜਾਬੀ ਲੋਕਾਂ ਦੀ ਏਕਤਾ ਟੁਟ ਗਈ ਹੈ, ਜਿਸ ਤਰ੍ਹਾਂ ਕਿ ਉਪਰ ਦੇਖਿਆ ਗਿਆ ਹੈ, ਇਕ ਲੰਬੀ ਪ੍ਰਕ੍ਰਿਆ ਦਾ ਮੰਤਕੀ ਸਿੱਟਾ ਹਨ ਜਿਹੜੀ ਕਿ ਅਜ਼ਾਦੀ ਤੋਂ ਪਹਿਲਾਂ ਹੀ ਅਰੰਭ ਹੋ ਚੁਕੀ ਸੀ। ਹਿੰਦੀ ਭਾਸ਼ੀ ਇਲਾਕਿਆਂ ਵਿਚ ਕਮਿਊਨਿਸਟ ਲਹਿਰ ਦੇ ਕਮਜ਼ੋਰ ਹੋਣ ਬਾਰੇ ਪਾਰਟੀ ਦੇ ਸਲਕੀਆ ਪਲੈਨਮ ਨੇ ਨੋਟ ਕੀਤਾ ਹੈ ਅਤੇ ਇਸ ਦਾ ਇਕ ਕਾਰਨ ਇਹ ਦਸਿਆ ਹੈ ਕਿ ਇਸ ਇਲਾਕੇ ਵਿਚ ਕੋਈ ਕਾਰਗਰ ਸਮਾਜਿਕ ਸੁਧਾਰ ਲਹਿਰ ਨਹੀਂ ਚਲੀ, ਜਿਸ ਕਰਕੇ ਸਮੁਚਾ ਇਲਾਕਾ ਜਗੀਰੂ ਵਿਚਾਰਧਾਰਾ ਦੇ ਗਲਬੇ ਲਈ ਛਡਿਆ ਪਿਆ ਰਿਹਾ। ਆਰੀਆ ਸਮਾਜ, ਸਿੰਘ ਸਭਾ ਆਦਿ ਲਹਿਰਾਂ ਚਲੀਆਂ ਵੀ ਤਾਂ ਉਹ ਫਿਰਕੂ ਰੂਪ ਧਾਰਨ ਕਰ ਗਈਆਂ। ਸਿਟਾ ਇਹ ਹੈ ਕਿ ਜਗੀਰੂ ਵਿਚਾਰਧਾਰਾ ਦੀ ਜਕੜ ਬਹੁਤ ਹੀ ਮਜ਼ਬੂਤ ਰਹੀ ਹੈ, ਜਿਸ ਦੇ ਕਾਰਨ ਫਿਰਕੂ ਅਤੇ ਜਾਤੀਵਾਦੀ ਰਾਜਨੀਤੀ ਹੈ।

ਪਾਰਟੀ ਨੇ ਆਪਣੇ ਪ੍ਰੋਗਰਾਮ 'ਚ ਵੀ ਇਹ ਦਸਿਆ ਹੈ ਕਿ ਭਾਰਤ ਵਿਚ ਹਾਕਮ ਜਮਾਤਾਂ, ਪੂਰਵ-ਪੂੰਜੀਵਾਦੀ ਸਬੰਧਾਂ ਤੇ ਬਣਤਰਾਂ ਨੂੰ ਖਤਮ ਕੀਤੇ ਬਗੈਰ ਸਗੋਂ ਅਸਲ 'ਚ ਲੈਂਡਲਾਰਡਾਂ ਨਾਲ ਗਠਜੋੜ ਕਰਕੇ ਅਤੇ ਬਦੇਸ਼ੀ ਸਾਮਰਾਜੀ ਪੂੰਜੀ ਨਾਲ ਭਿਆਲੀ 'ਚ ਦੇਸ਼ ਵਿਚ ਪੂੰਜੀਵਾਦ ਦਾ ਵਿਕਾਸ ਕਰ ਰਹੀਆਂ ਹਨ। ਇਸ ਗਠਜੋੜ ਨਾਲ, ਜਗੀਰੂ ਤੱਤਾ ਨੂੰ, ਆਪਣੇ ਹਿੱਤਾਂ ਅਤੇ ਆਪਣੇ ਵਿਚਾਰਧਾਰਕ ਪ੍ਰਭਾਵ ਨੂੰ ਵੀ ਬਚਾਈ ਰੱਖਣ ਵਿਚ, ਸਹਾਇਤਾ ਮਿਲੀ ਹੈ। ਇਸ ਨੇ ਜਮਹੂਰੀ ਪ੍ਰਗਤੀ ਦੇ ਰਾਹ ਵਿਚ ਵੱਡਾ ਅੜਿਕਾ ਡਾਹਿਆ ਹੋਇਆ ਹੈ। ਇਹ ਇਕ ਇਤਿਹਾਸਕ ਸੱਚ ਹੈ ਕਿ ਜਗੀਰੂ ਅਤੇ ਅਰਧ ਜਗੀਰੂ ਸਬੰਧਾਂ ਨੂੰ ਖਤਮ ਕੀਤੇ ਬਿਨਾਂ ਅਤੇ ਜ਼ਰਈ ਇਨਕਲਾਬ ਨੇਪਰੇ ਚਾੜ੍ਹੇ ਬਿਨਾਂ ਵੰਡਵਾਦੀ ਸ਼ਕਤੀਆਂ ਨੂੰ ਭਾਵੇਂ ਓਹ ਫਿਰਕਾਪ੍ਰਸਤ ਜਾ ਜਾਤੀਵਾਦੀ ਜਾਂ ਕਬਾਇਲੀ ਜਾਂ ਨਸਲੀ ਸਨ, ਮੁਕੰਮਲ ਤੌਰ 'ਤੇ ਹਰਾਇਆ ਜਾ ਸਕਿਆ ਹੋਵੇ। ਪੂਰਵ-ਪੂੰਜੀਵਾਦੀ ਸਬੰਧਾਂ ਨੂੰ ਖਤਮ ਕਰਕੇ ਸਮਾਜਵਾਦ ਦਾ ਰਾਹ ਅਪਨਾਉਣ ਵਾਲੇ— ਚੀਨ, ਵੀਤਨਾਮ, ਲਾਉਸ, ਕੰਪੂਚੀਆਂ, ਉਤਰੀ ਕੋਰੀਆ ਅਤੇ ਕਿਊਬਾ ਵਰਗੇ ਇਹ ਦੇਸ਼ ਹੀ ਹਨ, ਜਿਥੇ ਅਜੇਹੀਆਂ ਸਮਸਿਆਵਾਂ ਨਹੀਂ ਦੇਖੀਆਂ ਜਾਂਦੀਆਂ। ਇਸਦਾ ਇਹ ਮਤਲਬ ਹਰਗਿਜ਼ ਨਹੀਂ ਲਿਆ ਜਾਣਾ ਚਾਹੀਦਾ ਕਿ ਜਮਹੂਰੀ ਇਨਕਲਾਬ ਦੇ ਮੁਕੰਮਲ ਹੋਣ ਤਕ ਕੁਝ ਵੀ ਨਹੀਂ ਕੀਤਾ ਜਾ ਸਕਦਾ। ਸਾਂਝੇ ਜਨਤਕ ਸੰਘਰਸ਼ ਵਿਕਸਤ ਕਰਕੇ, ਮਜ਼ਦੂਰਾਂ, ਖੇਤ ਮਜ਼ਦੂਰਾਂ, ਕਿਸਾਨਾਂ ਨੌਜਵਾਨਾਂ, ਵਿਦਿਆਰਥੀਆਂ, ਮੁਲਾਜ਼ਮਾਂ ਅਤੇ ਇਸਤਰੀਆਂ ਦੀਆਂ ਸਾਂਝੀਆਂ ਜਮਾਤੀ ਤੇ ਜਨਤਕ ਜਥੇਬੰਦੀਆਂ ਕਾਇਮ ਕਰਕੇ, ਸਮੂਹ ਧਰਮ ਨਿਰਲੇਪ ਤੇ ਜਮਹੂਰੀ ਸ਼ਕਤੀਆਂ ਨੂੰ ਇਕਜੁਟ ਕਰਕੇ, ਅਤੇ ਹਾਕਮ ਜਮਾਤਾਂ ਦੇ ਰੋਲ ਨੂੰ ਬੇਨਕਾਬ ਕਰਕੇ, ਵਖਵਾਦੀ, ਵੰਡਵਾਦੀ ਸ਼ਕਤੀਆਂ ਦੀਆਂ ਵਿਚਾਰਧਾਵਾਂ ਨੂੰ ਪਿਛਾੜਕੇ, ਇਹਨਾਂ ਵਿਰੁਧ ਸੰਘਰਸ਼ ਚਲਾਇਆ ਜਾ ਸਕਦਾ ਹੈ ਅਤੇ ਚਲਾਇਆ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਕਰਕੇ ਹੀ ਤਾਕਤਾਂ ਦੇ ਸੰਤੁਲਨ ਨੂੰ ਮਜ਼ਦੂਰ ਜਮਾਤ ਦੇ ਪੱਖ ਵਿਚ ਬਦਲਿਆ ਜਾ ਸਕਦਾ ਹੈ, ਜਿਸ ਤਰ੍ਹਾਂ ਕਿ ਇਕ ਹੱਦ ਤਕ ਪੱਛਮੀ ਬੰਗਾਲ, ਕੇਰਲਾ ਅਤੇ ਤ੍ਰਿਪੁਰਾ ਵਿਚ ਕੀਤਾ ਗਿਆ ਹੈ। ਪਾਰਟੀ ਸਾਹਮਣੇ ਫੌਰੀ ਜ਼ਰੂਰੀ ਕੰਮ ਇਹ ਹੈ ਕਿ ਉਹ ਕਿਸਾਨੀ ਨੂੰ ਜਗੀਰੂ ਵਿਚਾਰਧਾਰਾ ਦੇ ਪ੍ਰਭਾਵ ਤੋਂ ਮੁਕਤ ਕਰੇ।

ਭਾਰਤ ਦੇ ਹਾਕਮ ਬੁਰਜਵਾ-ਲੈਂਡਲਾਰਡ ਗਠਜੋੜ ਦੀ ਭਾਈਵਾਲ ਬੁਰਜਵਾਜੀ, ਵੰਡਵਾਦੀ ਸ਼ਕਤੀਆਂ ਵਿਰੁਧ ਲੜਾਈ ਦੇਣ ਦੀ ਥਾਂ, ਆਪਣੀ ਲੋੜ ਅਨੁਸਾਰ ਇਹਨਾਂ ਨੂੰ ਆਪਣੇ ਤੰਗ ਸੰਕੀਰਨ ਹਿਤਾਂ ਲਈ ਵਰਤਦੀ ਹੈ। ਕੌਮੀਅਤਾਂ ਦੀ ਸਮਸਿਆ ਹਲ ਕਰਨ ਵਿਚ ਅਤੇ ਨਾਲ ਹੀ ਜਮਹੂਰੀ ਸੰਸਥਾਵਾਂ ਨੂੰ ਤੇ ਰਾਸ਼ਟਰੀ ਏਕਤਾ ਨੂੰ ਮਜ਼ਬੂਤ ਕਰਨ ਵਿਚ ਪੂੰਜੀਪਤੀ ਜਮਾਤ ਅਸਮਰਥ ਹੈ। ਅਜ ਇਹ ਕੰਮ ਮਜ਼ਦੂਰ ਜਮਾਤ ਦੀ ਜਿੰਮੇਵਾਰੀ ਬਣ ਚੁਕਿਆ ਹੈ। ਅਜੋਕੇ ਪੜਾਅ ਵਿਚ ਜਮਹੂਰੀ ਇਨਕਲਾਬ ਨੂੰ ਨੇਪਰੇ ਚਾੜ੍ਹਨ ਵਿਚ ਬੁਰਜਵਾਜੀ ਇਤਿਹਾਸਕ ਤੌਰ 'ਤੇ ਅਸਮਰਥ ਹੈ, ਇਸ ਨੂੰ ਸਿਰਫ ਮਜ਼ਦੂਰ ਜਮਾਤ ਦੀ ਅਗਵਾਈ ਵਿਚ ਹੀ ਨੇਪਰੇ ਚਾੜ੍ਹਿਆ ਜਾ ਸਕਦਾ ਹੈ।

ਇਹ ਗਲ ਵੀ ਯਾਦ ਰੱਖਣੀ ਜ਼ਰੂਰੀ ਹੈ ਕਿ ਪਾਰਲੀਮਾਨੀ ਰਾਜਨੀਤੀ ਸਪੱਸ਼ਟ ਜਮਾਤੀ ਦਰਿਸ਼ਕੋਣ ਤੋਂ ਲਈਆਂ ਪੋਜ਼ੀਸ਼ਨਾਂ ਦੀ ਅਣਹੋਂਦ 'ਚ ਅਤੇ ਇਸ ਨੂੰ ਇਨਕਲਾਬੀ ਜਨਤਕ ਸੰਘਰਸ਼ ਦੇ ਅਧੀਨ ਨਾ ਕੀਤਾ ਜਾਣ 'ਤੇ, ਇਹ ਮੌਕਾਪ੍ਰਸਤੀ ਵਲ ਲੈ ਜਾਂਦੀ ਹੈ। ਮੈਨੂੰ ਇਹ ਕਹਿਣ 'ਚ ਕੋਈ ਸੰਕੋਚ ਨਹੀਂ ਕਿ ਪੰਜਾਬ ਵਿਚ ਅਕਾਲੀ ਪਾਰਟੀ ਪ੍ਰਤੀ ਸਾਡੀ ਪਹੁੰਚ ਵਿਚ ਅਜੇਹੀ ਘਾਟ ਰਹੀ ਹੈ।

ਅਖੀਰ 'ਚ ਇਕ ਹੋਰ ਕਾਰਕ ਵੀ ਨਿਰੰਤਰ ਮਨ 'ਚ ਬਿਠਾ ਕੇ ਰਖਣਾ ਜ਼ਰੂਰੀ ਹੈ। ਪਛੜੇ ਦੇਸ਼ਾਂ ਵਿਚ ਕੌਮੀ ਮੁਕਤੀ ਲਹਿਰਾਂ ਅਕਸਰ, ਧਾਰਮਿਕ ਜਾਂ ਅਜੇਹੇ ਹੀ ਕਿਸੇ ਹੋਰ ਰੂਪ 'ਚ ਵਿਕਸਤ ਹੁੰਦੀਆਂ ਹਨ ਅਤੇ ਕੁਝ ਮਾਮਲਿਆਂ ਵਿਚ ਤਾਂ ਧਰਮ ਸਾਮਰਾਜਵਾਦ ਵਿਰੋਧੀ ਸੰਘਰਸ਼ ਵਿਚ ਇਕ ਮਹੱਤਵਪੂਰਨ ਰੋਲ ਵੀ ਅਦਾ ਕਰਦਾ ਹੈ। ਐਪਰ ਜੇਕਰ ਮਜ਼ਦੂਰ ਜਮਾਤ ਦੀ ਪਾਰਟੀ, ਸਾਂਝੇ ਮੋਰਚੇ ਦੀ ਦੇ ਨਾਂਅ 'ਤੇ, ਵਿਚਾਰਧਾਰਕ ਸੰਘਰਸ਼ ਚਲਾਉਣ 'ਚ ਅਸਫਲ ਰਹਿੰਦੀ ਹੈ ਤਾਂ ਅੰਤ ਵਿਚ ਇਹ ਗਲ ਜਮਹੂਰੀ ਲਹਿਰ ਦੇ ਵਿਰੁਧ ਹੀ ਜਾਵੇਗੀ। ਸਭ ਤੋਂ ਤਾਜਾ ਅਤੇ ਸਭ ਤੋਂ ਉਘੜਵੀਂ ਮਿਸਾਲ ਇਰਾਨ ਦੀ ਹੈ। ਜਦ ਸ਼ਾਹ ਦੀ ਨਿਰੰਕੁਸ਼ ਜਾਲਮ ਹਕੂਮਤ ਅਧੀਨ ਸਮੂਹ ਜਮਹੂਰੀ ਅਧਿਕਾਰ ਅਤੇ ਸਮੂਹ ਸ਼ਹਿਰੀ

(ਬਾਕੀ ਪੰਨਾ 11 ਤੇ)

ਹਰਪਾਲ ਟਿਵਾਣਾ ਨਾਲ ਖੁੱਲ੍ਹੀਆਂ ਗੱਲਾਂ

ਅਮਰਜੀਤ ਗਰੇਵਾਲ

"ਕਿਵੇਂ ਆਇਆਂ ?"

"ਗੱਲਾਂ ਕਰਨ ।"

" ਗੱਲਾਂ ਤੇ ਬਹੁਤ ਹੋ ਗਈਆਂ ਅਮਰਜੀਤ । ਅਸੀਂ ਲੋਕ ਕਾਨਫਰੰਸਾਂ, ਗੋਸ਼ਟੀਆਂ, ਵਰਕਸ਼ਾਪਾਂ ਅਤੇ ਬਹਿਸਾਂ ਵਿਚ ਹੋਰ ਕੀ ਕਰਦੇ ਹਾਂ । ਗੱਲਾਂ ਤਾਂ ਕਰਦੇ ਹਾਂ । ਕੋਈ ਕੰਮ ਤਾਂ ਨਹੀਂ ਨਾ ਕਰਦੇ ।"

"ਆਮ ਗੱਲਾਂ ਨਹੀਂ । ਮੇਰਾ ਭਾਵ ਨਾਟਕ ਬਾਰੇ ਗੱਲਾਂ ਤੋਂ ਹੈ ।"

"ਤਾਂ ਵੀ ਗੱਲਾਂ ਬਾਤਾਂ ਛੱਡੀਏ । ਨਾਟਕ ਲਿਖੀਏ ਅਤੇ ਨਾਟਕ ਖੇਡੀਏ । ਇਹ ਖੇਡ ਹੀ ਸਾਰੀ ਪ੍ਰੈਕਟਿਸ ਦੀ ਐ । ਇਹ ਤਦ ਹੀ ਸੰਭਵ ਹੈ ਜੇ ਅਸੀਂ ਪਿੰਡ ਪਿੰਡ ਗਲੀ ਗਲੀ ਨਾਟਕ ਖੇਡੀਏ । ਇਕੱਲੇ ਤੌਰ ਤੇ ਕੁਝ ਵੀ ਨਹੀਂ ਹੋ ਸਕਦਾ । ਨਾਟਕਾਂ ਬਿਨਾਂ ਦਰਸ਼ਕ ਨਹੀਂ ਅਤੇ ਦਰਸ਼ਕਾਂ ਬਿਨ ਨਾਟਕ ਨਹੀਂ । ਫਾਰਮੂਲਾ ਤਾਂ ਬੜਾ ਸਿੱਧਾ ਹੈ । ਪਰ ਏਨਾ ਸਿੱਧਾ ਵੀ ਨਹੀਂ । ਬਾਹਰ ਕੁੱਲੀ ਵਿਚ ਬੈਠ ਕੇ ਚਾਹ ਪੀਨੇ ਆਂ ਇਨ੍ਹਾਂ ਮੁੰਡਿਆਂ ਨੂੰ ਏਥੇ ਕੰਮ ਕਰਨ ਦੇਈਏ ।

ਬਗੀਚੀ ਦੇ ਵਿਚਕਾਰ ਬਣੀ ਕੁੱਲੀ ਵਿਚ ਵੀ ਹਰਪਾਲ ਆਪਣੀ ਗੱਲ ਜਾਰੀ ਰਖਦਾ ਹੈ । ਬਾਹਰ ਆ ਕੇ ਇਸ ਤਰ੍ਹਾਂ ਲੱਗਾ ਜਿਵੇਂ ਅਸੀਂ ਫਰੇਮ ਨੂੰ ਪਾੜ ਕੇ ਚੌਗਿਰਦੇ ਵਿਚ ਫੈਲ ਗਏ ਹੋਈਏ — ਕਿਉਂਕਿ ਹੁਣ ਮੇਰੇ ਸਨਮੁਖ ਇਕੱਲਾ ਹਰਪਾਲ ਟਿਵਾਣਾ ਨਹੀਂ, ਚਿੜੀਆਂ ਦੀ ਚੀਂ ਚੀਂ ਹੈ, ਰੰਗਾਂ ਦੀ ਬਰਸਾਤ ਕਰਨ ਵਾਲਾ ਮੋਰ ਹੈ, ਪਿਲਕਣੀ ਛਾਂ ਹੈ, ਜੰਡ ਹੈ, ਕੰਡਿਆਲੀ ਥੋਹਰ ਹੈ, ਗੱਡੇ ਦਾ ਚੱਕ ਹੈ, ਮੂਹੜੇ ਹਨ, ਗਿਟਾਰ ਹੈ, ਗੋਹੇ ਮਿੱਟੀ ਦੀ ਲਿਪਾਈ ਹੈ ।

ਏਨਾ ਹੀ ਨਹੀਂ ਅਕਸੀ ਚਿਤਰਕਾਰ ਏ ਪੀ ਹੈ, ਹਰਪਾਲ ਦਾ ਸੰਗੀਤਕਾਰ ਲੜਕਾ, ਉਸਦੀ ਫਿਲਾਸਫਰ ਧੀ ਅਤੇ ਅਦਾਕਾਰ ਨੀਨਾ ਟਿਵਾਣਾ ਸਾਰੇ ਹੀ ਹਨ ।

ਇਕ ਇਕ ਕਰਕੇ ਸਾਰੇ ਲੋਕ ਚਲੇ ਜਾਂਦੇ ਹਨ । ਪਰ ਹਰਪਾਲ ਗੱਲਾਂ ਨਾ ਕਰਨ ਬਾਰੇ ਆਪਣੀ ਗੱਲ ਜਾਰੀ ਰਖਦਾ ਹੈ । ਉਸ ਨੇ ਜ਼ਿੰਦਗੀ ਵਿਚ ਜਿੰਨੇ ਵਧੇਰੇ ਨਾਟਕ ਖੇਡੇ ਹਨ, ਓਨੀਆਂ ਹੀ ਘੱਟ ਗੱਲਾਂ ਕੀਤੀਆਂ ਹਨ । ਉਹ ਗੱਲਾਂ ਕਰਦਾ ਹੈ, ਸਹਿਜੇ ਸਹਿਜੇ । 'ਦੀਵਾ ਬਲੇ ਸਾਰੀ ਰਾਤ' ਦੇ ਉਹ 1975 ਤੋਂ 1983 ਤੱਕ 15 ਸੌ ਸ਼ੋਅ ਕਰ ਚੁੱਕਾ । ਚਮਕੌਰ ਦੀ ਗੜ੍ਹੀ ਦੇ 500, ਹਿੰਦ ਦੀ ਚਾਦਰ ਦੇ 1200 ਅਤੇ ਲੌਂਗ ਦਾ ਲਿਸ਼ਕਾਰਾ ਦੇ ਡੇਢ ਸੌ । ਉਹ ਦੇ ਕੋਲੋਂ ਇਹ ਅੰਕੜੇ ਸੁਣਨ ਦਾ ਅਸਰ ਆਪਣਾ ਹੀ ਹੈ ।

ਉਸ ਨੇ ਪੰਜਾਬ ਦੇ ਲੋਕਾਂ ਨੂੰ ਪੰਜਾਬੀ ਵਿਚ ਦੁਨੀਆਂ ਦੇ ਸਰਬੋਤਮ ਨਾਟਕਕਾਰਾਂ ਨਾਲ ਜਾਣ ਪਛਾਣ ਕਰਵਾਈ — ਟਾਲਸਟਾਏ ਦਾ 'ਅੰਨ੍ਹਾਂ ਖੂਹ', ਲੋਰਕਾ ਦਾ 'ਸੁਲਤਾਨਾਂ ਦੀਆਂ ਧੀਆਂ', ਕਾਮੂ ਦਾ 'ਕਰਾਸ ਪਰਪਜ਼' ਅਤੇ ਸਾਰਤਰੇ ਦਾ 'ਫਲਾਈਜ਼' । ਉਸ ਨੇ ਹੋਰ ਵੀ ਬਹੁਤ ਸਾਰੇ ਨਾਟਕ ਖੇਡੇ ।

— ਮੁਸੀਬਤਾਂ ਤੇ ਖੁਸ਼ੀਆਂ ਝੱਲ ਕੇ । ਟਾਲਸਟਾਏ ਦਾ ਅੰਨ੍ਹਾਂ ਖੂਹ ਖੇਡਣ ਲਈ ਉਸ ਨੂੰ ਕਈ ਰਾਤਾਂ ਹਵਾਲਾਤ ਦੀਆਂ ਸੀਖਾਂ ਅੰਦਰ ਕੱਟਣੀਆਂ ਪਈਆਂ ਸਨ ।

ਚਾਹ ਆ ਜਾਂਦੀ ਹੈ । ਚਾਹ ਦੀ ਪਹਿਲੀ ਘੁੱਟ ਨਾਲ ਹੀ ਮੈਂ ਆਪਣਾ ਪਹਿਲਾ ਸੁਆਲ ਹਰਪਾਲ ਟਿਵਾਣਾ ਅੱਗੇ ਪੇਸ਼ ਕਰ ਦਿੰਦਾ ਹਾਂ । ਨਾਟਕਾਂ ਬਾਰੇ ਨਹੀਂ, ਫਿਲਮਾਂ ਬਾਰੇ । ਹਰਪਾਲ ਟਿਵਾਣਾ ਦੀਆਂ ਫਿਲਮਾਂ ਬਾਰੇ ।

? ਤੁਹਾਡੀ ਪਹਿਲੀ ਫਿਲਮ 'ਲੌਂਗ ਦਾ ਲਿਸ਼ਕਾਰਾ' ਨੂੰ ਅਲੋਚਕਾਂ ਅਤੇ ਦਰਸ਼ਕਾਂ ਦੋਨਾਂ ਵੱਲੋਂ ਭਰਪੂਰ ਪਰਸੰਸਾ ਮਿਲੀ ਹੈ । ਪਤਾ ਲੱਗਾ ਹੈ ਕਿ ਹੁਣ ਤੁਹਾਡੀ ਦੂਸਰੀ ਫਿਲਮ 'ਦੀਵਾ ਬਲੇ ਸਾਰੀ ਰਾਤ' ਵੀ ਸ਼ੁਰੂ ਹੋ ਚੁੱਕੀ ਹੈ । ਕਿਧਰੇ ਫਿਲਮਾਂ ਦੇ ਇਸ ਚੱਕਰ ਵਿਚ ਪੈ ਕੇ ਰੰਗ ਮੰਚ ਨੂੰ ਅਲਵਿਦਾ ਤੇ ਨਹੀਂ ਆਖ ਦੇਵੋਗੇ ?

— ਰੰਗ ਮੰਚ ਮੇਰਾ ਪਹਿਲਾ ਇਸ਼ਕ ਹੈ । ਫਿਲਮ ਅਤੇ ਟੈਲੀਵੀਜ਼ਨ ਨੂੰ ਤਾਂ ਮੈਂ ਰੰਗ ਮੰਚ ਦਾ ਵਿਸਤਾਰ ਹੀ ਸਮਝਦਾ ਹਾਂ । ਵੱਖੋ ਵੱਖਰੀਆਂ ਸਥਿਤੀਆਂ ਵਿਚ ਵੱਖੋ ਵੱਖਰੀਆਂ ਕਿਸਮਾਂ ਦੇ ਵੱਧ ਤੋਂ ਵੱਧ ਦਰਸ਼ਕਾਂ ਤੱਕ ਇਕੋ ਸਮੇਂ ਪਹੁੰਚਣ ਦਾ ਮਾਧਿਅਮ । ਉਂਝ ਮੈਂ ਤਾਂ ਫਿਲਮਾਂ ਵਿਚ ਵੀ ਨਾਟਕ ਹੀ ਖੇਡਦਾ ਹਾਂ । 'ਲੌਂਗ ਦਾ ਲਿਸ਼ਕਾਰਾ' ਅਤੇ 'ਦੀਵਾ ਬਲੇ ਸਾਰੀ ਰਾਤ' ਮੇਰੇ ਨਾਟਕ ਸਨ, ਜਿਨ੍ਹਾਂ ਉਪਰ ਮੈਂ ਫਿਲਮਾਂ ਬਣਾਈਆਂ ।

? ਤੁਹਾਡੀਆਂ ਗੱਲਾਂ ਤੋਂ ਏਦਾਂ ਜਾਪਦਾ ਹੈ ਜਿਵੇਂ ਸਿਨਮਾ ਅਤੇ ਟੈਲੀਵੀਜ਼ਨ ਕੇਵਲ ਰੰਗ ਮੰਚ ਨੂੰ ਰਿਕਾਰਡ ਕਰਕੇ ਵਧੇਰੇ ਲੋਕਾਂ ਤੱਕ ਪੁਚਾਉਣ ਦਾ ਮਾਧਿਅਮ ਹੀ ਹਨ ?

— ਨਹੀਂ, ਇਹ ਗੱਲ ਨਹੀਂ । ਜਦੋਂ ਮੈਂ 'ਲੌਂਗ ਦਾ ਲਿਸ਼ਕਾਰਾ' ਨੂੰ ਕਈ ਵਾਰ ਰੰਗ ਮੰਚ ਉਪਰ ਸਫਲਤਾ ਪੂਰਬਕ ਖੇਡਣ ਤੋਂ ਬਾਅਦ ਫਿਲਮਾਇਆ ਤਾਂ ਇਸ ਵਿਚ ਅਨੇਕਾਂ ਤਬਦੀਲੀਆਂ ਕਰਨੀਆਂ ਪਈਆਂ । ਸਿਨਮਾਂ ਦੀਆਂ ਲੋੜਾਂ, ਤਕਨੀਕੀ ਅਤੇ ਸਮਰੱਥਾਵਾਂ ਨੂੰ ਸਾਹਵੇਂ ਰੱਖਦੇ ਹੋਏ । ਆਪਣੀ ਗੱਲ ਕਹਿਣ ਲਈ ਸਮਾਂ-ਸਥਾਨ ਦੀ ਜੋ ਆਜ਼ਾਦੀ ਤੁਸੀਂ ਫਿਲਮ ਵਿਚ ਮਾਣ ਸਕਦੇ ਹੋ ਉਹ ਰੰਗ ਮੰਚ ਵਿਚ ਨਹੀਂ । 'ਲੌਂਗ ਦਾ ਲਿਸ਼ਕਾਰਾ' ਵਿਚ ਇਕ ਗਾਣਾ ਹੈ — ਸਾਰੇ ਪਿੰਡ ਵਿਚ ਪੁਆੜੇ ਪਾਏ — ਇਸ ਗਾਣੇ ਵਿਚ ਮੈਂ ਮੌਡਰੈਨਿਟੀ ਨੂੰ ਪਿੰਡ ਦੀ ਜ਼ਿੰਦਗੀ ਨਾਲ ਟਕਰਾ ਵਿਚ ਪੇਸ਼ ਕੀਤਾ ਹੈ, ਪਿੰਡ ਦੀ ਜ਼ਿੰਦਗੀ ਦੇ ਅਨੇਕਾਂ ਛੋਟੇ ਛੋਟੇ ਟੁਕੜਿਆਂ ਨੂੰ ਜੋੜ ਕੇ ।



? ਮੈਂ ਵੀ ਦੇਖੀ ਸੀ ਫਿਲਮ । ਗਾਣਾ ਪੇਸ਼ ਕਰਨ ਦੀ ਤਕਨੀਕ ਚੰਗੀ ਸੀ ।

— ਹਾਂ, ਜੇ ਇਸੇ 'ਲੌਂਗ ਦਾ ਲਿਸ਼ਕਾਰਾ' ਨੂੰ ਟੈਲੀਵੀਜ਼ਨ ਉਪਰ ਪੇਸ਼ ਕਰਨਾ ਹੋਵੇ ਤਾਂ ਵੱਖਰੀ ਤਰ੍ਹਾਂ ਕਰਾਂਗਾ ।

? ਉਹ ਕਿਵੇਂ ?

— ਇਸ ਫਿਲਮ ਵਿਚ ਜਿੰਨੇ ਲੰਮੇ ਸ਼ਾਟ ਹਨ ਇਹ ਟੈਲੀਵੀਜ਼ਨ ਉਪਰ ਆਪਣਾ ਸੁਆਰਥ ਗੁਆ ਦੇਣਗੇ । ਜਿਵੇਂ ਕਿ ਕੋਈ ਵੱਡੀ ਪੇਂਟਿੰਗ ਡਾਕਖਾਨੇ ਦੀ ਟਿਕਟ ਉਪਰ ਛਾਪੀ ਜਾਵੇ ਤਾਂ ਆਪਣੀਆਂ ਸਾਰੀਆਂ ਬਰਕੀਆਂ ਗੁਆ ਦਿੰਦੀ ਹੈ । ਇਸ ਲਈ ਟੈਲੀਵੀਜ਼ਨ ਵਾਲੀ ਫਿਲਮ ਟੈਲੀਵੀਜ਼ਨ ਦੀ ਸ਼ੈਲੀ ਵਿਚ ਹੀ ਬਨਾਉਣੀ ਪਵੇਗੀ ।

? ਇਸ ਦਾ ਮਤਲਬ ਰੰਗ ਮੰਚ ਦੇ ਨਿਰਦੇਸ਼ਨ ਨੂੰ ਇਕ ਦਮ ਫਿਲਮ ਦੇ ਨਿਰਦੇਸ਼ਨ ਵਿਚ ਬਦਲਣ ਵੇਲੇ ਤੁਹਾਨੂੰ ਮੁਸ਼ਕਲਾਂ ਵੀ ਬਹੁਤ ਆਈਆਂ ਹੋਣਗੀਆਂ ।

— ਤੁਸੀਂ ਠੀਕ ਕਹਿੰਦੇ ਹੋ । ਜਦੋਂ ਮੈਂ 'ਦੀਵਾ ਬਲੇ ਸਾਰੀ ਰਾਤ' ਰੰਗ ਮੰਚ ਉਤੇ ਪੇਸ਼ ਕਰਦਾ ਹਾਂ ਤਾਂ ਇਸ ਦੇ ਕਲਾਕਾਰਾਂ ਦੇ ਸੰਵਾਦਾਂ ਵਿਚੋਂ ਕਾਵਿ ਸਿਰਜਣ ਹੁੰਦਾ ਹੈ । ਤੇ ਹੁਣ ਜਦੋਂ ਮੈਂ ਇਸਦੀ ਫਿਲਮ ਬਣਾ ਰਿਹਾ ਹਾਂ ਤਾਂ ਇਸ ਦੇ ਵਿਜ਼ੁਅਲਜ਼ ਵਿਚੋਂ ਕਾਵਿ ਸਿਰਜਣਾ ਕਰਨੀ ਹੁੰਦੀ ਹੈ । ਬੜਾ ਫਰਕ ਹੈ । ਰੰਗ ਮੰਚ ਵਿਚ ਤੁਸੀਂ ਅਦਾਕਾਰਾਂ ਦੇ ਨਿਰਦੇਸ਼ਕ ਹੁੰਦੇ ਹੋ, ਜਦੋਂ ਕਿ ਸ਼ਿਨਮਾ ਵਿਚ ਸਮੁੱਚੇ ਵਾਤਾਵਰਣ ਦੇ ਨਿਰਦੇਸ਼ਕ ।

? ਅਜਿਹਾ ਨਾ ਹੋਵੇ ਕਿ ਫਿਲਮਾਂ ਦੀ ਸਿਰ ਖਪਾਈ ਵਿਚੋਂ ਰੰਗ ਮੰਚ ਲਈ ਵਿਹਲ ਹੀ ਨਾ ਕੱਢ ਸਕੋ ?

— ਰੰਗ ਮੰਚ ਮੈਂ ਵਿਹਲ ਵਿਚ ਨਹੀਂ ਕਰਦਾ । ਵਿਹਲ ਵਿਚ ਮੈਂ ਫਿਲਮਾਂ ਬਣਾਉਂਦਾ ਹਾਂ । ਤਿੰਨ ਸਾਲਾਂ ਵਿਚ ਇਕ ਫਿਲਮ ਅਤੇ ਇਕ ਸਾਲ ਵਿਚ ਪੰਜ ਨਾਟਕ—ਮੇਰਾ ਟਾਈਮ ਟੇਬਲ ਹੈ ।

? ਫਿਲਮ ਬਾਰੇ ਇਕ ਸੁਆਲ ਹੋਰ । ਸਮਝਿਆ ਜਾਂਦਾ ਹੈ ਕਿ ਹਿੰਦੁਸਤਾਨ ਵਿਚ ਦੋ ਤਰ੍ਹਾਂ ਦੀਆਂ ਫਿਲਮਾਂ ਬਣਦੀਆਂ ਹਨ — ਵਿਉਪਾਰਕ ਅਤੇ ਕਲਾਮਈ । ਤੁਸੀਂ ਆਪਣੀਆਂ ਫਿਲਮਾਂ ਨੂੰ ਕਿਸ ਸ਼੍ਰੇਣੀ ਵਿਚ ਰੱਖਦੇ ਹੋ ?

— ਦੇਖ ਅਮਰਜੀਤ, ਜਿੰਨਾ ਫਿਲਮ ਤੇ ਖਰਚ ਹੋਵੇਗਾ ਉਹ ਤੇ ਹਰ ਕੋਈ ਕੱਢਣਾ ਹੀ ਚਾਹੇਗਾ । ਰੰਗ ਮੰਚ ਉਪਰ ਵੀ ਇਹੋ ਗੱਲ ਲਾਗੂ ਹੁੰਦੀ ਹੈ । ਸਰਕਾਰ ਪਾਸੋਂ ਜਾਂ ਕਿਸੇ ਸਰਮਾਏਦਾਰ ਕੰਪਨੀ ਪਾਸੋਂ ਪੈਸੇ ਲੈ ਕੇ ਅਜੇਹੀ ਫਿਲਮ ਤਿਆਰ ਕਰਨੀ ਜਿਹੜੀ ਸਿਨਮਾਂ ਹਾਲਾਂ ਵਿਚ ਚਾਰ ਦਿਨ ਵੀ ਨਾ ਕੱਟੇ, ਇਹ ਗੱਲ ਜਚਦੀ ਨਹੀਂ । ਸਤਿਆਜੀਤ ਰੇਅ ਨੇ ਇਕ ਵਾਰ ਫਿਲਮ ਇੰਸਟੀਚਿਊਟ ਦੀ ਸਲਾਨਾਂ ਕਾਨਵੋਕੇਸ਼ਨ ਨੂੰ ਸੰਬੋਧਨ ਕਰਦੇ ਹੋਏ ਬੜੀ ਵਧੀਆ ਗੱਲ ਆਖੀ ਸੀ ਕਿ ਫਿਲਮ ਤਾਂ ਖਾਣੇ ਵਾਂਗ ਹੈ ਜਿਸ ਨੂੰ ਗ੍ਰਹਿਣੀ ਪਰਿਵਾਰ ਦੇ ਜੀਆਂ ਅੱਗੇ ਪੂਰੇ ਦਾ ਪੂਰਾ ਖਾਧੇ ਜਾਣ ਲਈ ਪਰੋਸਦੀ ਹੈ । ਜੇ ਖਾਣ ਵਾਲਾ ਜੂਠ ਛਡ ਦੇਵੇ ....

? ਇਸ ਦਾ ਮਤਲਬ ਤੁਸੀਂ ਆਪਣੀਆਂ ਫਿਲਮਾਂ ਲਈ ਅਜੇਹੇ ਪੁਰਾਣੇ ਅਤੇ ਪ੍ਰਚੱਲਤ ਵਿਸ਼ੇ ਹੀ ਚੁਣਨਾ ਚਾਹੋਗੇ । ਜਿਨ੍ਹਾਂ ਨੂੰ ਦਰਸ਼ਕ ਪਰਵਾਨ ਕਰ ਚੁੱਕੇ ਹੋਣ

— ਦੇਖੋ, ਦਰਸ਼ਕਾਂ ਨੂੰ ਏਨਾ ਨੀਵਾਂ ਦਿਖਾਉਣ ਦੀ ਕੋਸ਼ਿਸ਼ ਨਾ ਕਰੋ । ਦਰਸ਼ਕ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਨਵੀਆਂ ਗੱਲਾਂ, ਨਵੀਆਂ ਸੋਚਾਂ ਅਤੇ ਨਵੇਂ ਵਿਚਾਰ ਦੱਸੇ ਜਾਣ ।

? ਤੁਸੀਂ ਇਹ ਗੱਲ ਏਨੇ ਯਕੀਨ ਨਾਲ ਕਿਵੇਂ ਆਖ ਰਹੇ ਹੋ ?

— ਪੰਜਾਬ ਦੇ ਲੋਕਾਂ ਦੀ ਮਾਨਸਿਕਤਾ ਸਮਝਣ ਦੀ ਕੋਸ਼ਿਸ਼ ਕਰੋ । ਤੇਰੀ ਐਗਰੀਕਲਚਰਲ ਯੂਨੀਵਰਸਿਟੀ ਕਿਸੇ ਅਖਬਾਰ ਦੀ ਨੁੱਕਰੇ ਇਕ ਛੋਟਾ ਜਿਹਾ ਇਸ਼ਤਿਹਾਰ ਦਿੰਦੀ ਹੈ ਕਿ ਇਸ ਵਾਰ ਕਿਸਾਨ ਮੇਲੇ ਉਪਰ ਨਰਮੇ ਦਾ ਨਵਾਂ ਬੀਜ ਮਿਲੇਗਾ, ਐਲ. ਐਚ. 900 । ਸਾਰਾ ਪੰਜਾਬ ਟੁਟ ਪੈਂਦਾ ਹੈ । ਤੇ ਅਗਲੇ ਹੀ ਸਾਲ ਤੁਸੀਂ ਸਾਰੇ ਪੰਜਾਬ ਵਿਚ ਨਵੀਂ ਕਿਸਮ ਦੇ ਖੇਤ ਦੇਖਦੇ ਹੋ । ਨਵੇਂ ਵਿਚਾਰਾਂ ਅਤੇ ਨਵੀਆਂ ਸੋਚਾਂ ਨੂੰ ਅਪਨਾਉਣ ਲਈ ਏਨੇ ਉਤਾਵਲੇ ਨੇ ਸਾਡੇ ਪੰਜਾਬੀ ।

? ਫੇਰ ਨੁਕਸ ਕਿਥੇ ਹੈ ?

— ਸਾਡੇ ਵਿਚ । ਤੁਸੀਂ ਕੋਈ ਨਵਾਂ ਵਿਚਾਰ ਪੇਸ਼ ਕਰਨਾ ਚਾਹੁੰਦੇ ਹੋ । ਜ਼ਰੂਰ ਕਰੋ । ਲੋਕ ਇਸ ਨੂੰ ਜੀ ਆਇਆਂ ਆਖਣਗੇ । ਪਰ ਪੇਸ਼ ਕਿਵੇਂ ਕੀਤਾ

ਹਰਪਾਲ ਟਿਵਾਣਾ ਨਾਲ ਖੁੱਲ੍ਹੀਆਂ ਗੱਲਾਂ

ਜਾਵੇ ? ਇਸ ਪੇਸ਼ਕਾਰੀ ਦੀ ਖੇਡ ਦੇ ਆਪਣੇ ਕੁਝ ਨਿਯਮ ਹਨ । ਇਨ੍ਹਾਂ ਨਿਯਮਾਂ ਦੀ ਜਾਣਕਾਰੀ ਤੋਂ ਬਿਨਾਂ ਤੁਸੀਂ ਆਪਣੇ ਵਿਚਾਰ ਲੋਕਾਂ ਤੱਕ ਪੁਚਾ ਨਹੀਂ ਸਕਦੇ ਤੁਹਾਡੇ ਕੋਲ ਗੱਲ ਹੀ ਨਹੀਂ, ਗੱਲ ਕਹਿਣ ਦਾ ਅੰਦਾਜ਼ ਵੀ ਹੋਣਾ ਚਾਹੀਦੈ ।

? ਇਸ ਦਾ ਮਤਲਬ ਤੁਸੀਂ ਗੱਲ (ਵਿਸ਼ਾ) ਅਤੇ ਗੱਲ ਕਹਿਣ ਦਾ ਅੰਦਾਜ਼(ਵਸਤੂ) ਨੂੰ ਵੱਖ ਵੱਖ ਕਰਕੇ ਦੇਖਦੇ ਓ ?

— ਤੂੰ ਮੇਰੇ ਤੇ ਇਹ ਇਲਜ਼ਾਮ ਨਹੀਂ ਲਗਾ ਸਕਦਾ । ਕਿਉਂਕਿ ਮੈਂ ਤਾਂ ਮੁਢਲੇ ਤੌਰ ਤੇ ਬੰਦਾ ਹੀ ਨ੍ਰਿਤ ਦਾ ਹਾਂ । ਨ੍ਰਿਤ ਵਿਚ ਤਾਂ ਇਹ ਦੁਫੇੜ ਟਾਰਚ ਲੈ ਕੇ ਢੂੰਡਿਆਂ ਵੀ ਨਹੀਂ ਲੱਭਦੀ । ਨ੍ਰਿਤ ਤਾਂ ਕਲਾਕਾਰ (ਨ੍ਰਿਤਕਾਰ) ਅਤੇ ਕਲਾ (ਨ੍ਰਿਤ) ਵਿਚਲੇ ਅੰਤਰ ਤੋਂ ਵੀ ਮੁਕਤ ਹੈ ।

? ਤੁਸੀਂ ਜ਼ਿੰਦਗੀ ਵਿਚ ਕਰਨਾ ਕੀ ਚਾਹੁੰਦੇ ਹੋ ?

— ਆਪਣੀ ਜ਼ਿੰਮੇਂਵਾਰੀ ਨਿਭਾਉਣਾ । ਮੈਂ ਕਿਥੇ ਖੜ੍ਹਾ ਹਾਂ, ਜਾਂ ਲੋਕ ਕਿਥੇ ਖੜ੍ਹੇ ਹਨ — ਮੈਨੂੰ ਕੁਝ ਵੀ ਪਤਾ ਨਹੀਂ । ਸਿਰਫ ਏਨਾ ਪਤਾ ਹੈ ਕਿ ਮੈਂ ਕੰਮ ਕਰਨਾ ਹੈ । ਆਖਰੀ ਦਮ ਤਕ ਆਪਣੀ ਇਸ ਜ਼ਿਮੇਵਾਰੀ ਨੂੰ ਨਿਭਾਉਣ ਲਈ ਤਾਂ ਜੋ ਪੰਜਾਬ ਦੇ ਲੋਕ ਵਿਭਿੰਨ ਧਰਮਾਂ ਅਤੇ ਤਬਕਿਆਂ ਦੇ ਲੋਕ ਆਪਣੇ ਸਾਂਝੇ ਸਭਿਆਚਾਰ ਦੇ ਚਿੰਨ੍ਹਾਂ ਨੂੰ ਸਮਝਣ ਅਤੇ ਮਾਨਣ । ਲੋਕਾਂ ਨੂੰ ਇਨ੍ਹਾਂ ਸਭਿਆਚਾਰਕ ਚਿੰਨ੍ਹਾਂ ਦੀ ਪ੍ਰੈਕਟਿਸ ਵਿਚ ਪਾਉਣਾ ਹੀ ਮੇਰਾ ਧਰਮ ਹੈ । (ਹਰਪਾਲ ਆਪਣੇ ਰੌ ਵਿਚ ਆ ਜਾਂਦਾ ਹੈ । ਡੀਪਾਰਮੈਂਟ ਪਹੁੰਚਣ ਦੀ ਕਾਹਲੀ ਦੇ ਬਾਵਜੂਦ ਮੈਂ ਹਰਪਾਲ ਨੂੰ ਟੋਕਦਾ ਨੀਂ — ਸਿਰਫ ਉਸ ਨੂੰ ਸੁਣ ਰਿਹਾ ਹਾਂ . ਕਿਉਂਕਿ ਉਸ ਨੇ ਆਪਣੀ ਇਹ ਜ਼ਿਮੇਵਾਰੀ ਇੰਨ ਬਿੰਨ ਉਸ ਤਰ੍ਹਾਂ ਨਿਭਾਈ ਹੈ ਜਿਵੇਂ ਪੰਜਾਬ ਦੇ ਕਿਸਾਨ ਨੇ ਪੰਜਾਬ ਦੀ ਧਰਤੀ ਵਿਚੋਂ ਰਿਕਾਰਡ ਤੋੜ ਪੈਦਾਵਾਰ ਕਰਕੇ । ਹਰਪਾਲ ਟਿਵਾਣਾ ਨੇ ਇਹ ਜ਼ਿੰਮੇਵਾਰੀ ਪੰਜਾਬ ਦੀ ਧਰਤੀ ਵਿਚੋਂ ਓਮਪੁਰੀ, ਰਾਜ ਬੱਬਰ, ਦੀਪਕ ਸੇਠ ਅਤੇ ਰਜਿੰਦਰ ਜਸਪਾਲ ਵਰਗੇ ਅਦਾਕਾਰ ਪੈਦਾ ਕਰਕੇ ਨਿਭਾਈ ਹੈ ।)

? ਹਰਪਾਲ ਜੀ ਤੁਹਾਡੀ ਟਰੇਨਿੰਗ ਵਿਚ ਕੀ ਜਾਦੂ ਹੈ ਕਿ ਤੁਸੀਂ ਓਮ ਪੁਰੀ ਅਤੇ ਰਾਜ ਬੱਬਰ ਜੇਹੇ ਅੰਤਰਰਾਸ਼ਟਰੀ ਪ੍ਰਸਿੱਧ ਅਦਾਕਾਰ ਪੈਦਾ ਕਰ ਦਿੱਤੇ ਹਨ ?

— ਇਸ ਵਿਚ ਮੇਰਾ ਯੋਗਦਾਨ ਘੱਟ ਅਤੇ ਪੰਜਾਬ ਦੀ ਮਿੱਟੀ ਦਾ ਯੋਗਦਾਨ ਵਧੇਰੇ ਹੈ । ਪੰਜਾਬ ਦਾ ਅਦਾਕਾਰ ਪੂਰਣ ਹੈ । ਖੁਲ੍ਹ ਖੇਡ ਵਿਚ ਜੰਮਿਆਂ ਪਲਿਆ । ਮੇਰੀ ਉਸਤਾਦੀ ਸਿਰਫ ਏਸ ਗੱਲ ਵਿਚ ਹੈ ਕਿ ਮੈਂ ਇਹ ਗੱਲ ਸਮਝਦਾ ਹਾਂ । ਇਸ ਕਰਕੇ ਮੈਂ ਅਦਾਕਾਰ ਨੂੰ ਸਿਖਾਉਂਦਾ ਘੱਟ ਅਤੇ ਗਲਤ ਸਿੱਖੇ ਹੋਏ ਨੂੰ ਭੁਲਾਉਂਦਾ ਵਧੇਰੇ ਹਾਂ ਤਾਂ ਜੋ ਉਹ ਆਪਣੇ ਆਪ ਅਤੇ ਆਪਣੇ ਵਿਚਲੀ ਅੱਗ ਨੂੰ ਲੱਭ ਸਕੇ । ਤੁਸੀਂ ਮੇਰੇ ਜਸਪਾਲ ਨੂੰ ਮੰਥਨ ਵਿਚ ਦੇਖਿਆ ?

? ਕਿਹੜੇ ਜਸਪਾਲ ਨੂੰ ?

— ਓ-ਹੋ-! ਜਸਪਾਲ ਕੌਣ ?! ਜੇ ਕਿਤੇ ਅਜ ਜਸਪਾਲ ਹੁੰਦਾ ਤਾਂ ਤੁਸੀਂ ਇਹੋ ਸੁਆਲ ਓਮਪੁਰੀ ਅਤੇ ਨਸੀਰ ਬਾਰੇ ਪੁੱਛਣਾ ਸੀ । ਮੇਰੇ ਸਾਰੇ ਡਰਾਮਿਆਂ ਦਾ ਹੀਰੋ ਹੁੰਦਾ ਸੀ । ਦਰਸ਼ਕਾਂ ਨੂੰ ਆਪਣੀ ਅਦਾਕਾਰੀ ਨਾਲ ਰੇਪ ਕਰਨ ਵਾਲਾ ਜਸਪਾਲ । ਮੰਥਨ ਵਿਚ ਉਸਨੇ ਸਭ ਨੂੰ ਕੁੱਟਿਆ । ਦੂਸਰੇ ਦਿਨ ਉਸ ਕੋਲ ਰੋਲ ਹੀ ਰੋਲ ਸਨ । ਤੀਸਰੇ ਦਿਨ ਉਹ ਪਾਗਲ ਹੋ ਗਿਆ । ਜਸਪਾਲ ਦੇ ਜਨੂੰਨ ਨੇ ਜਸਪਾਲ ਨੂੰ ਪਾਗਲ ਕਰ ਦਿਤਾ । ਹੁਣ ਮੈਂ ਉਸ ਲਈ 'ਦੀਵਾ ਬਲੇ ਸਾਰੀ ਰਾਤ' ਵਿਚ ਇਕ ਰੋਲ ਤਿਆਰ ਕਰ ਰਿਹਾ ਹਾਂ ।

? ਸੁਣਿਆ ਹੈ ਕਿ ਓਮਪੁਰੀ ਇੰਟਰਨੈਸ਼ਨਲ ਐਵਾਰਡ ਲੈਣ ਤੋਂ ਬਾਅਦ ਸਿੱਧਾ ਤੁਹਾਡੇ ਕੋਲ ਪਹੁੰਚਿਆ ਸੀ ।

— ਹਾਂ, ਉਸ ਦਾ ਇਨਾਮ ਦੇਖ ਕੇ ਮੈਨੂੰ ਬੇਹੱਦ ਖੁਸ਼ੀ ਹੋਈ ਸੀ । ਸ਼ਾਇਦ ਮੈਨੂੰ ਜ਼ਿੰਦਗੀ ਵਿਚ ਸਭ ਤੋਂ ਵੱਧ ਖੁਸ਼ੀ ਉਸੇ ਦਿਨ ਹੋਈ ਹੋਵੇ ।

? ਤੁਹਾਡੀ ਜ਼ਿੰਦਗੀ ਦੀ ਸਭ ਤੋਂ ਪਿਆਰੀ ਰਚਨਾ ਕਿਹੜੀ ਹੈ ?

— 'ਦੀਵਾ ਬਲੇ ਸਾਰੀ ਰਾਤ' । ਅਮਰੀਕਾ, ਕੈਨੇਡਾ, ਲੰਡਨ, ਯੂਰਪ, ਬੰਬਈ — ਇਹ ਨਾਟਕ ਸਭ ਥਾਂ ਦਿਖਾ ਆਇਆ ਹਾਂ ।

? ਤੁਸੀਂ ਲੋਕਾਂ ਤੋਂ ਏਨੀ ਵਧੀਆ ਅਦਾਕਾਰੀ ਕਰਵਾ ਲੈਂਦੇ ਹੋ, ਪਰ ਖੁਦ ਓਨੀ ਵਧੀਆ ਅਦਾਕਾਰੀ ਨਹੀਂ ਕਰ ਪਾਉਂਦੇ । ਕੀ ਕਾਰਨ ਹੈ ?

— ਮੈਂ ਲੋਕਾਂ ਤੋਂ ਵਧੀਆ ਅਦਾਕਾਰੀ ਕਰਵਾ ਲੈਂਦਾ ਹਾਂ, ਤੁਸੀਂ ਇਹ ਆਖਿਆ । ਧੰਨਵਾਦ । ਫੇਰ ਤਾਂ ਮੈਂ ਵੀ ਤਦੇ ਵਧੀਆ ਅਦਾਕਾਰੀ ਕਰ ਸਕਾਂਗਾ ਜੇ ਕੋਈ ਕਰਵਾਏ । ਆਪਣੇ ਆਪ ਨੂੰ ਕਿਵੇਂ ਡਾਇਰੈਕਟ ਕਰਾਂ ?

? ਤੁਹਾਡੀ ਜ਼ਿੰਦਗੀ ਦੀ ਕੋਈ ਕਮਜ਼ੋਰੀ ?

— ਨੀਨਾ ਮੇਰੀ ਪਤਨੀ ।

? ਨੀਨਾ ਅਤੇ ਨਿਰਮਲ ਰਿਸ਼ੀ ਦੇ 'ਲੌਂਗ ਦਾ ਲਿਸ਼ਕਾਰਾ' ਫਿਲਮ ਵਿਚ ਏਨੇ ਵਧੀਆ ਕੰਮ ਨੇ ਹੋਰ ਫਿਲਮ ਨਿਰਦੇਸ਼ਕਾਂ ਨੂੰ ਨਹੀਂ ਖਿਚਿਆ ?

— ਜ਼ਰੂਰ ਖਿਚਿਆ । ਬਹੁਤ ਸਾਰੇ ਲੋਕ ਆਏ । ਪਰ ਇਨ੍ਹਾਂ ਨੂੰ ਉਹ ਰੋਲ ਬਹੁਤੇ ਜਚੇ ਨਹੀਂ ।

? ਪੰਜਾਬ ਵਿਚ ਹੋਰ ਕਿਹੜੇ ਵਧੀਆ ਨਿਰਦੇਸ਼ਕ ਹਨ ?

— ਬਲਵੰਤ ਗਾਰਗੀ ਹੈ । ਹਾਂ, ਆਤਮਜੀਤ ਵੀ ਵਧੀਆ ਨਿਰਦੇਸ਼ਕ ਬਣ ਸਕਦਾ ਹੈ, ਜੇਕਰ ਉਹ ਆਪਣੇ ਨਾਟਕ ਨਾ ਖੇਡੇ ।

? ਅੱਜ ਕੱਲ੍ਹ ਜਿਹੜੇ ਗਰੈਜੂਏਟ ਐਨ. ਐਸ. ਡੀ. ਤੋਂ ਆ ਰਹੇ ਹਨ ਉਹ ਪੂਰੀ ਤਰਾਂ ਨਾਲ ਜੰਮ ਕਿਉਂ ਨਹੀਂ ਰਹੇ ? ਕੋਈ ਇਕ ਕਾਰਨ ਦੱਸੋ ।

(ਬਾਕੀ ਪੰਨਾ 12 ਤੇ)

(ਪੰਨਾ 10 ਦੀ ਬਾਕੀ)

ਅਜ਼ਾਦੀਆਂ ਖਤਮ ਕੀਤੀਆਂ ਜਾ ਚੁਕੀਆਂ ਸਨ, ਤਦ ਖੁਮੈਨੀ ਉਸ ਹਕੂਮਤ ਵਿਰੁਧ ਮਸਜਦਾਂ ਵਿਚੋਂ ਪ੍ਰਚਾਰ ਕਰਨ ਅਤੇ ਖੱਬੀਆਂ ਸ਼ਕਤੀਆਂ ਦੀ ਹਮਾਇਤ ਨਾਲ, ਸ਼ਾਹ ਹਕੂਮਤ ਨੂੰ ਖਤਮ ਕਰਨ ਵਿਚ ਸਫਲ ਹੋਇਆ । ਐਪਰ ਆਪਣੀ ਨਵੀਂ ਜਾਬਰ ਤੇ ਕੱਟੜ ਇਸਲਾਮੀ ਹਕੂਮਤ ਨੂੰ ਸੰਚਿਕ ਕਰਕੇ ਪੱਕੀ ਕਰਨ ਦੇ ਪਿਛੋਂ ਉਸ ਨੇ ਧਰਮ ਦੇ ਨਾਂਅ 'ਤੇ ਖੱਬੀਆਂ ਸ਼ਕਤੀਆਂ ਉਤੇ ਹੀ ਹਮਲਾ ਕਰਨਾ ਅਰੰਭ ਦਿਤਾ । ਹਜ਼ਾਰਾਂ ਦਾ ਕਤਲ ਕੀਤਾ ਗਿਆ ਅਤੇ ਲੱਖਾਂ ਅਜ ਜੇਲ੍ਹਾਂ 'ਚ ਹਨ ਅਤੇ ਉਹਨਾਂ ਨੂੰ ਤਸੀਹੇ ਦਿਤੇ ਜਾ ਰਹੇ ਹਨ । ਜੋ ਵਰਤਾਰਾ ਸਾਮਰਾਜਵਾਦ ਵਿਰੋਧੀ ਲਹਿਰ ਦੇ ਰੂਪ 'ਚ ਅਰੰਭ ਹੋਇਆ ਸੀ ਉਹ ਛੇਤੀ ਹੀ ਜਮਹੂਰੀਅਤ ਵਿਰੋਧੀ ਅਤੇ ਲੋਕ ਵਿਰੋਧੀ ਹਕੂਮਤ ਬਣ ਗਿਆ ।

ਪੰਜਾਬ ਦੀਆਂ ਘਟਨਾਵਾਂ ਤੋਂ ਇਹ ਸਾਰੇ ਸਬਕ ਕੱਢਣੇ ਹੋਣਗੇ ਤਾਂ ਜੋ ਸਾਡੀ ਪਾਰਟੀ ਅਗੇ ਵਧ ਸਕੇ । ਨਿਰਸੰਦੇਹ ਇਨਕਲਾਬ ਦਾ ਰਾਹ ਇਕ ਬਹੁਤ ਹੀ ਮੁਸ਼ਕਲ ਰਸਤਾ ਹੈ । ਐਪਰ ਸਾਡੇ ਕੋਲ, ਜਿੱਤ ਪ੍ਰਾਪਤ ਕਰਨ ਵਾਸਤੇ, ਸੇਧ ਲੈਣ ਲਈ ਮਾਰਕਸਵਾਦ ਲੈਨਿਨਵਾਦ ਅਤੇ ਸਾਡਾ ਆਪਣਾ ਤਜਰਬਾ ਮੌਜੂਦ ਹੈ ।

●●●

(ਪੰਨਾ 11 ਦੀ ਬਾਕੀ)

— ਉਨ੍ਹਾਂ ਵਿਚ ਕੁਮਿਟਮੈਂਟ ਨਹੀਂ। ਮਿੱਟੀ ਨਾਲ ਜੁੜ ਕੇ ਕੰਮ ਕਰਨ ਦਾ ਜਨੂੰਨ ਨਹੀਂ। ਆਪਾ ਵਾਰਨ ਦਾ ਮਤਵਾਲਾਪਣ ਨਹੀਂ। ਉਹ ਲੁਧਿਆਣੇ ਵਿਚ ਜੀਣ ਲਈ ਆਉਂਦੇ ਹਨ, ਮੈਂ ਲੁਧਿਆਣੇ ਵਿਚ ਆਪਣੇ ਆਪ ਨੂੰ ਤਬਾਹ ਕਰਨ ਲਈ ਆਇਆ ਸੀ। ਪਰ ਲੁਧਿਆਣੇ ਨੇ ਮੈਨੂੰ ਸਿਰ ਉਤੇ ਬਿਠਾ ਲਿਆ। ਦਰਸ਼ਕਾਂ ਨੇ ਮੈਨੂੰ ਬਣਾ ਦਿਤਾ। ਇਸੇ ਲਈ ਮੈਂ ਕਹਿੰਦਾ ਹਾਂ :

"ਇਨਹੀਂ ਕੀ ਕਿਰਪਾ ਸੇ ਸਜੇ ਹਮ ਹੈਂ, ਨਹੀਂ ਤੋ ਸੋ ਸੋ ਗਰੀਬ ਕਰੋੜ ਪੜੇ ਹੈਂ।"

ਪ੍ਰਮਾਣੂ ਬੰਬ ਬਨਾਉਣਾ ਪਾਕਿ ਦਾ ਹੱਕ-ਜ਼ਿਆ

ਨਵੀਂ ਦਿਲੀ: ਪਾਕਿਸਤਾਨ ਦੇ ਰਾਸ਼ਟਰਪਤੀ ਜ਼ਿਆ-ਉਲ-ਹੱਕ ਨੇ ਪ੍ਰਮਾਣੂ ਬੰਬ ਬਣਾਉਣ ਦਾ ਆਪਣੇ ਦੇਸ਼ ਦਾ ਅਧਿਕਾਰ ਜਤਾਇਆ ਹੈ।

ਲੰਡਨ ਤੋਂ ਛਪਦੇ ਰਸਾਲੇ "ਅਰਾਬੀਆ" ਨੂੰ ਇਕ ਇੰਟਰਵਿਊ ਵਿਚ ਜਨਰਲ ਜ਼ਿਆ ਨੇ ਕਿਹਾ ਕਿ ਉਨ੍ਹਾਂ ਨੂੰ ਪਤਾ ਹੈ ਕਿ ਇਸਰਾਈਲ ਨੇ ਪ੍ਰਮਾਣੂ ਬੰਬ ਬਣਾਇਆ ਹੈ। ਪਾਕਿਸਤਾਨ ਉਸ ਸੂਰਤ ਵਿਚ ਹੀ ਆਪਣਾ ਸਟੈਂਡ ਬਦਲੇਗਾ ਜੇਕਰ ਪ੍ਰਮਾਣੂ ਹਥਿਆਰ ਨਾ ਬਣਾਉਣ ਦੀ ਸੰਧੀ ਸਾਰੇ ਸੰਸਾਰ ਵਿਚ ਲਾਗੂ ਕੀਤੀ ਜਾਵੇ। ਇਸ ਸੰਧੀ ਉਪਰ ਕੋਈ 120 ਦੇਸ਼ਾਂ ਦੇ ਦਸਤਖਤ ਹਨ।

ਰੇਡੀਓ ਕੁਵੈਤ ਅਨੁਸਾਰ ਜਨਰਲ ਜ਼ਿਆ ਨੇ ਕਿਹਾ ਕਿ ਅਮਰੀਕਾ ਨੇ ਬੰਬ ਨਾ ਬਣਾਉਣ ਲਈ ਇਸਰਾਈਲ, ਦੱਖਣੀ ਅਫਰੀਕਾ ਅਤੇ ਭਾਰਤ ਉਪਰ ਇਸ ਸੰਧੀ ਉਤੇ ਦਸਤਖਤ ਕਰਨ ਲਈ ਦਬਾਓ ਨਹੀਂ ਪਾਇਆ ਹੈ, ਇਸ ਲਈ ਬੰਬ ਨਾ ਬਣਾਉਣ ਬਾਰੇ ਅਮਰੀਕਾ ਦੇ ਦਬਾਓ ਨੂੰ ਮੰਨਣੋਂ ਨਾਂਹ ਕਰ ਦੇਵੇਗਾ।

ਪਾਕਿਸਤਾਨ ਵਲੋਂ ਪਿਛਲੇ ਮਹੀਨੇ ਕਹੂਟ ਪ੍ਰਮਾਣੂ ਪਲਾਂਟ ਵਿਖੇ ਅਮਰੀਕੀ ਕਟਰੋਨ ਸਵਿੱਚਾਂ ਦਾ ਸਫਲਤਾ ਸਹਿਤ ਤਜਰਬਾ ਕੀਤੇ ਜਾਣ ਪਿਛੋਂ ਜਨਰਲ ਜ਼ਿਆ ਦੇ ਬਿਆਨ ਦੀ ਅਹਿਮੀਅਤ ਵਧ ਜਾਂਦੀ ਹੈ।

ਪ੍ਰਮਾਣੂ ਸੰਧੀ ਉਪਰ ਦਸਤਖਤਾਂ ਬਾਰੇ ਭਾਰਤ ਨੇ ਇਹ ਸਟੈਂਡ ਲਿਆ ਹੈ ਕਿ ਇਸ ਦੇ ਵਿਤਕਰੇ ਭਰੇ ਸੁਭਾਅ ਕਰਨ ਉਹ ਸੰਧੀ 'ਤੇ ਦਸਤਖਤ ਨਹੀਂ ਕਰੇਗਾ ਜਦ ਕਿ ਪਾਕਿਸਤਾਨ ਦਾ ਕਹਿਣਾ ਹੈ ਕਿ ਭਾਰਤ ਦਖਸਤਖਤ ਕਰੇਗਾ ਤਾਂ ਹੀ ਉਹ ਦਸਤਖਤ ਕਰੇਗਾ।



ਇਕ ਰਾਜ ਨੇਤਾ ਆਪਣੇ ਘਰ ਦੇ ਬੂਹੇ ਤੇ ਨਾਂ ਦੀ ਤਖਤੀ ਲਾ ਕੇ ਉਸ ਉਪਰ ਬਿਜਲੀ ਦਾ ਬਲਬ ਲਾ ਰਿਹਾ ਸੀ। ਉਸ ਦੇ ਇਕ ਦੋਸਤ, ਜੋ ਕੋਲ ਦੀ ਲੰਘ ਰਿਹਾ ਸੀ, ਨੇ ਪੁੱਛਿਆ, "ਕੀ ਕਰਦਾ ਏਂ ਯਾਰ?"

"ਆਪਣਾ ਨਾਂ ਰੌਸ਼ਨ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ"

ਰਾਜਨੇਤਾ

ਅਚਾਰੀਆ ਰਜਨੀਸ਼

ਇਕ ਮੁੰਡੇ ਵਾਲਾ
ਜੋ ਨੇਤਾ ਸੀ
ਆਪਣੇ ਮੁੰਡੇ ਲਈ
ਕੁੜੀ ਦੇਖਣ ਗਿਆ
ਲੜਕੀ ਵਾਲੇ ਨੂੰ ਕਿਹਾ
ਵਿਅਕਤਤਵ ਉਸਦਾ ਅਜਿਹਾ ਹੋਵੇ
ਇੰਦਰਾ ਗਾਂਧੀ ਜਿਹਾ ਹੋਵੇ
ਕੁਆਰਾਪਣ ਅਟੱਲ ਬਿਹਾਰੀ ਜਿਹਾ ਹੋਵੇ
ਧਰਮ 'ਚ ਵਿਸ਼ਵਾਸ ਮੌਲਾਨਾ ਬੁਖਾਰੀ ਜਿਹਾ ਹੋਵੇ
ਵਿਦਿਆ ਭੂਸ਼ਣ ਜਿਹਾ ਭਾਗ ਹੋਵੇ ਭਾਈ।
ਹੌਲੀ ਹੌਲੀ ਬੋਲਦੀ ਹੋਵੇ
ਜਿਵੇਂ ਮੁਰਾਰਜੀ ਦੇਸਾਈ।
ਤਾਰਕੇਸ਼ਵਰੀ ਸਿਨਹਾਂ ਜਿਹਾ,
ਸ਼ਾਇਰਾਨਾ ਅੰਦਾਜ਼ ਹੋਵੇ।
ਜਨਤਾ ਪਾਰਟੀ ਦੀ ਦੁਲਹਨ ਜੇਹੀ ਲਾਜ਼ ਹੋਵੇ।
ਜਾਰਜ ਫਰਨਾਂਡਿਸ ਜਿਹਾ ਸਿਰ ਦਾ ਵਾਲ ਵਾਲ ਹੋਵੇ
ਰਾਜ ਨਰਾਇਣ ਜਹੀ ਚਾਲ ਹੋਵੇ
ਸਾਦਗੀ ਹੋਵੇ ਇਹੋ ਜੇਹੀ
ਹੇਮਵਤੀ ਨੰਦਨ ਬਹੁਗੁਣਾ ਜੇਹੀ
ਮੁੰਡੇ ਦੀ ਫਰਮਾਇਸ਼ ਕੁਝ ਨਹੀਂ
ਲੜਕੀ ਵਾਲੇ ਕਿਹਾ, ਬਸ-ਬਸ
ਹੋਰ ਸੁਨਣ ਦੀ ਗੁੰਜਾਇਸ਼ ਨਹੀਂ
ਜੋ ਕੁਝ ਹੁਣ ਤਕ ਖਾਧਾ ਹੈ
ਉਸ ਦਾ ਕਰ ਦੇਵੋ ਪੇਮੈਂਟ
ਤੁਹਾਨੂੰ ਕੁੜੀ ਨਹੀਂ ....
ਚਾਹੀਦੀ ਹੈ ਪਾਰਲੀਮੈਂਟ

ਅਨੁ : ਇਕਬਾਲ ਸਿੰਘ ਕੰਗ

ਸੰਯੁਕਤ ਦਲ ਦੀ ਕਮੇਟੀ ਦਾ ਵਿਸਥਾਰ

ਅੰਮ੍ਰਿਤਸਰ: ਸੰਯੁਕਤ ਅਕਾਲੀ ਦਲ ਦੇ ਕਨਵੀਨਰ ਬਾਬਾ ਜੋਗਿੰਦਰ ਸਿੰਘ ਨੇ ਪਾਰਟੀ ਦੀ ਸਲਾਹਕਾਰ ਕਮੇਟੀ ਵਿਚ ਤਿੰਨ ਹੋਰ ਵਿਅਕਤੀ ਸ਼ਾਮਲ ਕੀਤੇ ਹਨ। ਹੁਣ ਇਸ ਕਮੇਟੀ ਦੇ ਮੈਂਬਰਾਂ ਦੀ ਗਿਣਤੀ 42 ਹੋ ਗਈ ਹੈ।

ਪਾਰਟੀ ਵਲੋਂ ਜਾਰੀ ਇਕ ਪ੍ਰੈਸ ਰਿਲੀਜ਼ ਮੁਤਾਬਕ ਨਵੇਂ ਮੈਂਬਰਾਂ ਵਿਚ ਮਰਹੂਮ ਭਾਈ ਅਮਰੀਕ ਸਿੰਘ ਦੇ ਚਾਚਾ ਦੀਦਾਰ ਸਿੰਘ ਤੋਂ ਇਲਾਵਾ ਤੇਜਵੰਤ ਸਿੰਘ ਅਤੇ ਮੋਹਣ ਸਿੰਘ ਮਟੀਆ ਸ਼ਾਮਲ ਹਨ। ਪਤਾ ਲੱਗਾ ਹੈ ਕਿ ਹਾਲੇ ਕੁਝ ਹੋਰ ਮੈਂਬਰ ਲਏ ਜਾਣਗੇ। ਅਤੇ ਸਲਾਹਕਾਰ ਕਮੇਟੀ ਦੇ ਮੈਂਬਰਾਂ ਦੀ ਕੁਲ ਗਿਣਤੀ 51 ਹੋਵੇਗੀ।

ਦੱਖਣੀ ਅਫਰੀਕਾ ਦੀ ਨਸਲੀ ਸਰਕਾਰ ਨੇ ਐਮਰਜੈਂਸੀ ਠੋਕ ਦਿਤੀ

ਜੋਹਨਸਬਰਗ — ਦੱਖਣੀ ਅਫਰੀਕਾ ਦੀ ਚਿੱਟੇ ਨਸਲਵਾਦੀਆਂ ਦੀ ਸਰਕਾਰ ਨੇ ਬਹੁ ਗਿਣਤੀ ਅਫਰੀਕਨਾਂ ਨੂੰ ਦਬਾਉਣ ਲਈ ਮੁਲਕ ਵਿਚ ਐਮਰਜੈਂਸੀ ਠੋਕ ਦਿਤੀ ਹੈ। ਪਰ ਹਜ਼ਾਰਾਂ ਅਫਰੀਕਨਾਂ ਦੇ ਹੜ੍ਹ ਐਮਰਜੈਂਸੀ ਦੀਆਂ ਧੱਜੀਆਂ ਉਡਾ ਰਹੇ ਹਨ। ਹੁਣ ਤੱਕ 441 ਅਫਰੀਕਨ ਜਬਰਦਸਤੀ ਜੇਲ੍ਹਾਂ ਵਿਚ ਸੁੱਟੇ ਜਾ ਚੁੱਕੇ ਹਨ। ਦੱਖਣੀ ਅਫਰੀਕਾ ਵਿਚ ਇਸ ਸਮੇਂ ਇਕ ਲੱਖ ਵੀਹ ਹਜ਼ਾਰ ਵਿਦਿਆਰਥੀ ਸਕੂਲਾਂ ਦਾ ਬਾਈਕਾਟ ਕਰ ਰਹੇ ਹਨ। ਇਕ ਭਾਰਤੀ ਵਕੀਲ ਪਿਰਸਲਾ ਜੈਨ ਨੂੰ ਵੀ ਫੜ ਕੇ ਜੇਲ੍ਹ ਅੰਦਰ ਤੂਨ ਦਿਤਾ ਗਿਆ ਅਤੇ ਉਸਦੇ ਘਰ ਦੀ ਤਲਾਸ਼ੀ ਲਈ ਗਈ। ਰਾਜਸੀ ਸੂਤਰਾਂ ਅਨੁਸਾਰ ਦੱਖਣੀ ਅਫਰੀਕਾ ਵਿਚ ਚਿੱਟੇ ਅਤੇ ਕਾਲੇ ਦੇ ਫਰਕ ਨੂੰ ਮੇਟਣ ਲਈ ਇਹ ਫਸਾਦ ਭੜਕੇ ਹਨ।

ਪਰਾਣਕ ਯੁੱਗ ਤੋਂ ਨਾਰੀ ਨਿਰਦੋਸ਼ ਹੁੰਦਿਆਂ ਹੋਇਆਂ ਵੀ ਪੁਰਸ਼ ਵਲੋਂ ਕੀਤੇ ਜਾਂਦੇ ਅਨਿਆਂ ਨੂੰ ਸਹਿੰਦੀ ਆਈ ਹੈ। ਕਿਹਾ ਜਾਂਦਾ ਹੈ ਕਿ ਪੁਰਸ਼ੋਤਮ ਰਾਮ ਨੇ ਇਕ ਧੋਬੀ ਦੀ ਗੱਲ ਸੁਣ ਕੇ ਸੀਤਾ ਨੂੰ ਛੱਡ ਦਿੱਤਾ ਸੀ। ਇਸੇ ਤਰ੍ਹਾਂ ਪੌਰਾਣਿਕ ਵਿਸ਼ਵਾਸ਼ਾਂ ਅਨੁਸਾਰ ਦੁਸ਼ਿਅੰਤ ਵਲੋਂ ਦਿੱਤੀ ਮੁੰਦਰੀ ਗੁਆਚ ਜਾਣ ਨਾਲ ਸ਼ਕੁੰਤਲਾ ਨੂੰ 'ਛੁੱਟੜ' ਹੋਣ ਦਾ ਦੰਡ ਸਵੀਕਾਰ ਕਰਨਾ ਪਿਆ ਸੀ।

ਜਥੇਦਾਰ ਟੌਹੜਾ ਦੇ ਬਿਆਨਾਂ 'ਤੇ ਟਿਪਣੀ

ਅੰਬਾਲਾ, 12 ਜੁਲਾਈ (ਪੀ ਟੀ ਆਈ)—ਹਰਿਆਣਾ ਅਕਾਲੀ ਦਲ (ਮਾਸਟਰ ਤਾਰਾ ਸਿੰਘ ਧੜਾ) ਦੇ ਪ੍ਰਧਾਨ ਕਰਤਾਰ ਸਿੰਘ ਟੱਕਰ ਨੇ ਸ਼ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਅਪੀਲ ਕੀਤੀ ਕਿ ਦੇਸ਼ ਦੇ ਸੰਵਿਧਾਨ ਸਬੰਧੀ ਗੈਰ-ਜ਼ਿੰਮੇਵਾਰ ਅਤੇ ਗਲਤ ਬਿਆਨ ਦੇਣ ਤੋ ਸੰਕੋਚ ਕੀਤਾ ਜਾਵੇ।

ਉਨ੍ਹਾਂ ਕਿਹਾ ਕਿ ਜਥੇਦਾਰ ਟੌਹੜਾ ਦੇ ਅਜੋਕੇ ਬਿਆਨ ਝੂਠੇ ਹੀ ਨਹੀਂ ਬਲਕਿ ਸਿੱਖਾਂ ਨੂੰ ਗੁੰਮਰਾਹ ਕਰਨ ਵਾਲੇ ਵੀ ਹਨ।

ਸ੍ਰੀ ਟੱਕਰ ਨੇ ਜਥੇਦਾਰ ਟੌਹੜਾ ਨੂੰ ਯਾਦ ਕਰਾਇਆ ਕਿ ਉਨ੍ਹਾਂ ਨੇ ਲੋਕ ਸਭਾ ਅਤੇ ਰਾਜ ਸਭਾ ਲਈ ਨਾਮਜ਼ਦਗੀ ਕਾਗਜ਼ ਭਰਦਿਆਂ ਉਸ ਸਮੇ ਸੰਵਿਧਾਨ ਦੀ ਸਹੁੰ ਚੁਕੀ ਸੀ।

ਸਾ ਹਿ ਤ ਦ ਰ ਪ ਣ

ਬੀਤੇ ਪਲ੍ਹਾਂ ਦੀ ਦਾਸਤਾਨ: ਸ਼ੁਕਰੀਆ, ਕੁਨੈਲ !

—ਹਰਭਜਨ ਹਾਂਸ

(ਭੂਮਿਕਾ— ਰੋਜ-ਮਰ੍ਹਾ ਦੀ ਜਿੰਦਗੀ ਐਨੀ ਦਿਲਚਸਪ ਨਹੀਂ ਹੁੰਦੀ ਕਿ ਉਸ ਨੂੰ ਕਿਸੇ ਕਹਾਣੀ ਜਾਂ ਹੋਰ ਸਾਹਿਤਕ ਵੰਨਗੀ 'ਚ ਕੈਦ ਕੀਤਾ ਜਾ ਸਕੇ ! ਮੇਰੀ ਇਸ ਕਹਾਣੀ ਵਿਚਲਾ ਹਰਭਜਨ ਹਾਂਸ ਇਕ ਫਰਜੀ ਪਾਤਰ ਹੈ — ਹਾਂ, ਇਸ ਪਾਤਰ ਨੂੰ ਅਪਣੱਤ ਦੇਣ ਖਾਤਰ ਮੈਂ ਆਪਣਾ ਨਾਂ ਵਰਤਿਆ ਹੈ। ਹਰ ਕੋਈ, ਕਿਸੇ ਕਾਰਨ ਕਰਕੇ ਦੁਖੀ ਹੈ ਤੇ ਦੁਖੀ, ਦੁਖੀ ਦਾ ਦਰਦ ਪਛਾਣਦਾ ਹੈ। ਫਰਜੀ ਹਰਭਜਨ ਹਾਂਸ ਨੇ ਕਿਸੇ ਦੇ ਦੁਖ ਨੂੰ ਮੂਰਤੀਮਾਨ ਕਰਨ ਦੀ ਕੋਸ਼ਿਸ਼ ਕੀਤੀ ਹੈ, ਇਹ ਦੁਖ ਕਿਸੇ ਦਾ ਵੀ ਹੋ ਸਕਦਾ ਹੈ — ਹਰਭਜਨ ਹਾਂਸ ਦਾ ਵੀ !)

ਘਰੋਂ ਵੀਹ ਮੀਲ ਦੀ ਦੂਰੀ ਤੇ ਸਥਿਤ ਸਕੂਲ 'ਚ ਅਧਿਆਪਕ ਦੇ ਤੌਰ ਤੇ ਜਦ ਮੇਰਾ ਨਿਯੁਕਤੀ-ਪਤਰ ਡਾਕੀਏ ਦੇ ਮਿਹਰਬਾਨ ਕਰ— ਕਮਲਾਂ ਰਾਹੀਂ ਪ੍ਰਾਪਤ ਹੋਇਆ ਤਾਂ ਮੈਂ ਆਪਣੀ ਬੇਬੇ ਨੂੰ ਕਿਹਾ,"ਇਹ ਤਾਂ ਵਾਅਲੀ ਦੂਰ ਆ...ਮੈਂ ਨਹੀਂਉਂ ਜਾਂਦਾ ਉਥੇ !"

"ਵੇਅ ਪੁੱਤ !" ਬੇਬੇ ਬੋਲੀ, ਰਿਜਕ ਤਾਂ ਪਹਾੜਾਂ ਤੇ ਵੀ ਮਿਲੇ ਤਾਂ ਨਕਾਰੀ ਨੀਂ ਕਰੀਦੀ ...ਤੇ ਆਹ ਵੀਹ ਕੋਹ ਤਾਂ ਹੈ ਈ ਕੀਆ...ਸੈਕਲ ਤੇ ਦੋ ਮਿੰਟ ਨੀਂ ਲੱਗਿਆ ਕਰਨੇ !"

"ਪਹਾੜਾਂ ਤੇ ਰਿਜਕ ਨਹੀਂ ਮਿਲਦੇ, ਭੋਲੀਏ ਬੇਬੇ ! "ਮੈਂ ਹਸਦਿਆਂ ਕਿਹਾ, "ਪੁਰਾਣੇ ਜਮਾਨਿਆਂ 'ਚ ਪੀਰਾਂ—ਫਕੀਰਾਂ ਦੀ ਤਪੱਸਿਆ ਲਈ ਪਹਾੜਾਂ ਤੇ ਗੁਫਾਵਾਂ ਜਰੂਰ ਹੁੰਦੀਆਂ ਸਨ, ਪਰ ਹੁਣ ਸਾਧਾਂ -ਸੰਤਾਂ ਨੂੰ ਦੁਨੀਆਂ ਦੇ ਭੋਗਾਂ ਦਾ ਅਜਿਹਾ ਚਸਕਾ ਪਿਆ ਕਿ ਪਹਾੜਾਂ ਦਾ ਨਾ ਲਏ ਤੇ ਤਭਕਦੇ ਨੇ... ਅਗੇ-ਅੱਗੇ ਦੁਨਿਆਵੀ ਭੋਗੀ ਤੇ ਪਿਛੇ-ਪਿਛੇ ਭੋਗੀਆਂ ਤੋਂ ਅਗਾਂਹ ਲੰਘ ਭੇਖੀ ਜੋਗੀ... ਕਈ ਜੋਗੀ ਤਾਂ ਸੁਣਿਆ ਬੇਬੇ, ਕਨੇਡਾ, ਅਮਰੀਕਾ ਜਾਕੇ ਠਾਠਾਂ 'ਚ ਬਾਠ ਨਾਲ ਰਹਿਣ ਲੱਗ ਪਏ ਨੇ !"

ਬੱਸ ਵੇ ਬੱਸ...ਸਾਧਾਂ-ਸੰਤਾਂ ਨੂੰ ਮਾੜਾ ਨਹੀਂ ਕਹੀਦਾ।"

ਨਿਯੁਕਤੀ-ਪਤਰ ਮੈਂ ਕਬੂਲ ਕਰ ਲਿਆ।

ਮਨ ਦੀ ਤ੍ਰਿਸ਼ਨਾ ! ਸੁਣਿਆ ਸੀ ਕਿ ਸਾਧਾਂ-ਸੰਤਾਂ ਨੇ ਤ੍ਰਿਸਨਾਂ ਨੂੰ ਕਾਬੂ ਕਰ ਲਿਆ ਪਰ ਦੇਖਿਆ ਤਾਂ ਸਭ ਮਿਥ ! ਪੰਜਾਬ ਦਾ ਇਕ ਅੰਨ੍ਹਾ ਸਾਧ 'ਸੈਕਸੀ ਸੇਂਟ ਕਰਕੇ ਜਾਣਿਆ ਜਾਂਦਾ ਹੈ —ਕਾਮ-ਤ੍ਰਿਸਨਾ ! ਇਕ ਸੰਤ ਪੰਜਾਬ ਦੇ ਸੈਂਕੜੇ ਗਭਰੂਆਂ ਨੂੰ ਕੈਨੇਡਾ ਪਹੁੰਚਾਣ ਦਾ ਲਾਲਚ ਦੇ ਕੇ ਹਜ਼ਾਰਾਂ ਰੁਪਏ ਹਾਜਮ ਕਰ ਜਾਂਦਾ ਹੈ— ਪੈਸਾ ਤ੍ਰਿਸਨਾ ! ਇਕ ਸੰਤ, ਸੰਤ ਬਣਕੇ ਵੀ ਸੋਨੇ ਦੇ ਮੁੱਠੇ ਵਾਲੀ ਕ੍ਰਿਪਾਨ ਧਾਰਨ ਕਰਦਾ ਹੈ। (ਸੰਤ ਜੀ ਦੇ ਬੋਲ-ਸਾਧ-ਸੰਗਤ ਜੀ, ਇਹ ਕ੍ਰਿਪਾਨ ਮੈਨੂੰ ਬੀਬੀ ਇੰਦਰਾ ਕੌਰ ਗਾਂਧੀ ਜੀ ਨੇ ਭੇਂਟ ਕੀਤੀ ਸੀ — ਰਸਨਾ ਕਰੋ ਪਵਿਤਰ, ਬੋਲੋ ਸਤਿਨਾਮ ਸ੍ਰੀ ਵਾਹਿਗੁਰੂ !) ਫੈਸਨ-ਤ੍ਰਿਸਨਾ ! ਤੇ ਮੇਰੇ ਵਰਗੇ ਦੀ ਮਨੋ-ਤ੍ਰਿਸਨਾ ! ਲੱਖਾਂ 'ਚ ਖੇਡਣ ਦੇ ਚਾਅ ਨੇ ਮਾਸਟਰੀ ਨੂੰ ਲੱਤ ਮਾਰਕੇ ਕੈਨੇਡਾ ਵੱਲ ਤੋਰ ਲਿਆ !

ਕੈਨੇਡਾ, ਬੀ. ਸੀ., ਵੈਨਕੂਵਰ ! ਸੁਣਿਆ, ਬੇ-ਰੁਜ਼ਗਾਰੀ ਆਪਣੇ ਅਰਜ ਤੇ ਹੈ। ਕਿਸੇ ਫੋਨ ਕੀਤਾ ਕਿ ਕਨੈਲ ਵਲ ਸੁਹਣੇ ਕੰਮ ਨੇ - ਸੌਖਾ ਕੰਮ, ਜ਼ਿਆਦਾ ਪੈਸੇ !" ਤ੍ਰਿਸਨਾ ਕੂਕੀ। ਤ੍ਰਿਸਨਾ-ਗ੍ਰਸਤ ਤਿੰਨ ਹੋਰ ਦੋਸਤਾਂ ਨਾਲ ਕੁਨੈਲ ਰਵਾਨਾ ਹੋ ਪਿਆ।

ਬੱਸ 'ਚ ਹੋਰ ਪੰਜਾਬੀ ਭਾਈਆਂ ਨੂੰ ਦੇਖ ਮਨ ਖੁਸ਼ ਹੋ ਗਿਆ। ਵਿਲੀਅਮ ਲੇਕ ਟੂਰਨਾ ਮੈਂਟ ਸੀ— ਇਕ ਬਜ਼ੁਰਗ ਬੋਲਿਆ, "ਮੱਲਾ, ਖੇਲਣ ਚੱਲਿਆਂ !" ਫੇਰ ਮੇਰੇ ਸਰੀਰ ਵਲ ਝਾਕਦਾ ਬੋਲਿਆ, "ਰੇਸ 'ਚ ਹਿੱਸਾ ਲਏਂਗਾ ?"

"ਹਾਂ ਬਾਬਾ !" ਉਚੀ ਆਵਾਜ਼ 'ਚ ਝੂਠ ਬੋਲਕੇ ਮੂੰਹ 'ਚ ਸੱਚ ਫਸ ਫਸਾਇਆ, "ਮੇਰੀ ਤੇ ਮੁਰਬਤ ਵਿਚਕਾਰ ਰੇਸ ਹੈ ਬਾਬਾ, ਪਰ ਵਿਲੀਅਮ ਲੇਕ ਦੀਆਂ ਗਰਾਂਉਂਡਾਂ 'ਚ ਨਹੀਂ, ਕੁਨੈਲ ਦੀਆਂ ਪਹਾੜੀਆਂ ਤੇ !"

"ਸੁਣਾ ਬਾਈ, "ਸਿਗਰਟ ਪੀਂਦਾ ਇਕ ਗਭਰੂ ਮੁਖਾਤਿਬ ਹੋਇਆ "ਤੂੰ ਤਾਂ ਮੈਨੂੰ ਮੇਰੇ ਜ਼ਿਲੇ ਦਾ ਲਗਦਾਂ ...ਮੇਰਾ ਨਾ ਜਸਬੀਰ ਹੈ, ਕੌਡੀ ਖੇਡਣ ਚਲਿਆਂ...ਲੈ ਬਾਈ ਮੇਰਾ ਬਾਪੂ ਗੁਰਦੁਆਰੇ ਦਾ ਗਰੰਥੀ ਹੈ, ਤੇ ਲੋਕ ਕਹਿੰਦੇ ਆ ਬਈ ਗਰੰਥੀ ਦਾ ਮੁੰਡਾ ਬੱਤੀ ਪੀਂਦਾ...ਭਲਾ ਦੱਸ ਬਈ ! ਕਿਹੜੀ ਕਿਤਾਬ 'ਚ ਲਿਖਿਆ ਬਈ ਗੁਰਦੁਆਰੇ ਦੇ ਭਾਈ ਜੀ ਦਾ ਮੁੰਡਾ ਬੱਤੀ ਨੀਂ ਪੀ ਸਕਦਾ ?

"ਭਾਈ ਜੀ ਦਾ ਪੁਤ ਕੀ, ਭਾਈ ਜੀ ਵੀ ਬੱਤੀ ਪੀ ਸਕਦਾ," ਮੌਕਾ ਮਿਲੇ ਤੇ ਮੈਂ ਕਿਹਾ,"ਭੇਖ ਤਾਂ ਕਰਮ-ਕੁਕਰਮ ਕਰਨ ਦਾ ਲਾਈਸੰਸ ਹੁੰਦਾ ਹੈ ! ਜਸਵੀਰ ਸਿਉਂ ਨੇ ਲੰਬਾ ਸੂਟ ਖਿਚਿਆ, ਸਾਇਦ ਮੇਰੀ ਆਪਰੂਵਲ ਕਾਰਨ !

ਮਜ਼ਦੂਰਾਂ ਨਾਲੋਂ ਮਹਿਮਾਨਾਂ ਵਾਂਗ ਜ਼ਿਆਦਾ ਸੁਆਗਤ ਹੋਇਆ ਕੁਨੈਲ ਪਹੁੰਚਣ ਤੇ। ਕੰਟਰੈਕਟਰ ਦੀ ਬੋਲੀ ਤੇ ਸਲੀਕੇ 'ਚ ਮਿਠਾਸ ਸੀ। ਮਨ ਬਾਗ-ਬਾਗ ਹੋ ਗਿਆ ਭਾਵੇਂ ਇਸ ਮਿਠਾਸ ਤੋਂ ਹੁਣ ਡਰ ਲੱਗਣ ਲੱਗ ਪਿਆ ਕਿਉਂਕਿ ਇਸੇ ਮਿਠਾਸ ਪਿਛੋਂ ਮਕਾਰੀ ਤੇ ਫਰੇਬੀ ਦਾ ਜਾਲ ਵਿਛਿਆ ਹੁੰਦਾ ਹੈ। ਬੈਠਾਇਆ, ਪਿਆਇਆ ਤੇ ਖਲਾਇਆ। ਕੁਨੈਲ ਦੇ ਟੋਨੀ ਪਾਰਸਨ ਯਾਣਿ ਬਾਈ ਨੂੰ। ਹਰ ਘਰ ਦੀ ਡਾਕੂਮੈਂਟਰੀ ਫਿਲਮ ਦਿਮਾਗ 'ਚ ਲਈ। ਇਹ ਸਖਸ਼ ਪੰਜਾਹ ਕੁਸਾਲ ਦਾ ਖੜੀਆਂ ਮੁਛਾਂ ਵਾਲਾ ਗੱਲਾਂ ਦਾ ਮਾਹਰ ਸੀ। "ਹੋਰ ਸੁਣਾ ਬਾਈ, ਕੁਨੈਲ ਦੀਆ ਗਲ੍ਹੀਆਂ ਦੇ ਹਾਲ," ਕਿਸੇ ਦੇ ਏਨਾ ਕਹਿਣ ਤੇ ਬਾਈ ਜੀ ਸ਼ੁਰੂ ਹੋ ਗਏ।

"ਕਾਹਦੀਆਂ ਗੱਲਾਂ ਭਰਾਓ !" ਮੁਛ ਨੂੰ ਤਾਅ ਦਿੰਦੇ ਬਾਈ ਜੀ ਬੋਲੇ, ਗੁਰਮਰਿਆਦਾ ਦਾ ਧਾਰਨੀ, ਬਾਣੀ ਦਾ ਰਸੀਆ, ਸੱਚਾ-ਸੁੱਚਾ ਦਿਖਣ ਵਾਲਾ ਪੁਰਸ਼ ਭਲਾ ਕੀ ਨਿਕਲਿਆ...?

"ਭਿੰਡਰਾਂ ਵਾਲੇ ਦਾ ਚੇਲਾ, "ਬਾਈ ਦੀ ਖਾਲੀ ਥਾਂ ਪੁਰ ਕਰਦਾ ਕੋਈ ਬੋਲਿਆ! ਨਾ ਉਏ ਭਰਾਉ ! ਉਹ ਨਿਕਲਿਆ...ਬਸ ਕੀ ਕਹਾਂ ? ਉਹਦੀ ਆਪਣੀ ਧੀ ਵਰਗੀ ਭਾਣਜੀ...।" ਸਭ ਦੇ ਕੰਨ ਖੜੇ ਹੋ ਗਏ। ਅਗਲੀ ਕਹਾਣੀ ਮੈਂ ਨਹੀਂ ਸੁਣੀ ਕਿਉਂਕਿ ਅਫਵਾਹਾਂ 'ਚ ਮੇਰਾ ਵਿਸ਼ਵਾਸ ਨਹੀਂ। ਪਰ ਕਹਿੰਦੇ ਨੇ ਬਾਈ ਜੀ ਦੀ ਖਬਰ ਦਾ ਜਰੀਆ ਭਰੋਸੇਯੋਗ ਵਸੀਲਾ ਹੀ ਹੁੰਦਾ ਹੈ।

"ਸਾਰੇ ਕਨੈਲ ਨੂੰ ਨਹੀਂ ਪਤਾ ਕਿ ਬਾਈ ਜੀ ਪੀਂਦਾ ਵੀ ਹੈ...ਇਹ ਸਿਰਫ ਦੋ ਪੈਗ ਪੀਂਦੇ ਨੇ ਤੇ ਉਹ ਸਿਰਫ ਐਥੇ...ਸਾਡੇ ਕੋਲ,"ਮਹਿਮਾਨ ਨੇ ਬਾਈ ਦਾ ਗਲਾਸ ਭਰਦੇ ਕਿਹਾ,"ਕਿਉਂ ਬਾਈ, ਠੀਕ ਐ ਨਾਂ ?"

"ਬਿਲਕੁਲ ਠੀਕ ! ਸ਼ਰਾਬ ਨਾਲ ਗਿਲੀਆਂ ਮੁਛਾਂ ਨੂੰ ਹੱਥ ਨਾਲ ਡਰਾਈ ਕਰਦਾ ਬਾਈ ਬੋਲਿਆ।

ਬਾਈ ਦਾ ਸ਼ਰਾਬ ਪੀਣਾ ਇਕ ਖਬਰ ਹੈ। ਖਬਰ ਤੇ ਕਿਸੇ ਦੇ ਹੱਕ ਰਾਖਵੇਂ ਨਹੀਂ ਹੁੰਦੇ। ਖਬਰ ਉਹ ਦਰੋਪਤੀ ਹੈ ਜਿਸਦੇ ਪੰਜ, ਪੰਜਾਹ, ਗਲ ਕੀ ਪੰਜ ਸੌ ਖਸਮ ਵੀ ਹੋ ਸਕਦੇ ਨੇ।

"ਬਾਈ, ਤੇਰਾ ਸ਼ਹਿਰ ਕੁਨੈਲ ਸੁਤਾ ਜਿਹਾ, ਮਸੂਮ ਜਿਹਾ, ਚੁਪ ਚਾਪ, ਭੋਲਾ-ਭਾਲਾ ਜਿਹਾ ਬੱਚਾ ਲੱਗਦਾ...ਕੁਨੈਲੀਏ ਵੀ ਅਜਿਹੇ ਨੇ— ਭੋਲੇ-ਭਾਲੇ, ਚੁੱਪ-ਚਾਪ ? ਸਾਡੇ ਵੈਨਕੂਵਰੀਏ ਚੋਂ ਇਕ ਬੋਲਿਆ।

"ਹਾਅ...ਅ !" ਬਾਈ ਬੰਬ ਵਰਗਾ ਹਾਸਾ ਹੱਸਿਆ, ਬਿਲਕੁਲ ਉਸੇ ਤਰ੍ਹਾਂ ਦਾ ਜਿਸਤਰ੍ਹਾਂ ਦਾ ਕੋਈ ਵਹਿਸ਼ੀ-ਅੱਤਵਾਦੀਆ ਤਿੰਨ ਸੌ ਉਣੱਤਾਂ ਜਿੰਦਾਂ ਦਾ ਜਹਾਜ ਕਰੈਸ ਕਰਵਾਕੇ ਹੱਸਿਆ ਹੋਣਾ।"ਮਸੂਮ ? ਭੋਲੇ ?? ਇਕ ਕੁਨੈਲੀਏ ਨੇ ਗਰੌਸਰੀ ਸਟੋਰ ਖੋਲ੍ਹ ਲਿਆ। ਵਿਕੇ-ਵਿਕਾਏ ਕੁਝ ਨਾ। ਇਕ ਫਿਜੀਅਨ ਕੁੜੀ ਨੂੰ ਸੇਲਜ਼-ਗਰਲ ਦੀ ਸਰਵਿਸ ਦੇ ਦਿਤੀ। ਜਨਾਬ ਸਟੋਰ ਮਾਲਕ ਕਿਸੇ ਮਿਤਰ ਨੂੰ ਸੌ ਡਾਲਰ ਦਿਆ ਕਰੇ ਤੇ ਜਨਾਬ ਦੇ ਘਰੋਂ ਸਟੋਰ/ਤੇ ! ਮੁੜ ਉਹੀ ਸੌ ਡਾਲਰ, ਉਹੀ ਗ੍ਰੌਸਰੀ, ਹੋਰ ਖਰੀਦਦਾਰ ! ਫਿਜੀਅਨ ਕੁੜੀ ਬੋਲੀ, "ਸਾਅਬ ! ਆਪਕੇ ਸਟੋਰ ਕੀ ਸੇਲ ਤੋਂ ਬਹੁਤ ਹੈ...ਇਸੇ ਬੜ੍ਹਾ ਕਰੇ ਨਾਂ !

"ਲਾਲ ਲੋਹੇ ਤੇ ਸੱਟ ਮਾਰ ਦੇ ਜਨਾਬ ਮਾਲਕ ਬੋਲੇ, ਅਜੀ ਹਮਰੇ ਪਾਸ ਵਕਤ ਕਹਾਂ...ਚਾਹੇ ਤੋਂ ਆਪ ਲਗੀ ਕੀਮਤ ਪਰ ਖ੍ਰੀਦਲੇਂ ?

ਫਿਜੀਅਨ ਕੁੜੀ ਨੇ ਸੋਚਿਆ ਕਿ ਕੁਨੈਲੀ ਜੱਟ ਤਾਂ ਉਹਨੇ ਲੁਟ ਲਿਆ। ਹੁਣ ਵਿਚਾਰੀ ਪੱਟਾਂ ਤੇ ਹੱਥ ਮਾਰਦੀ ਹੈ ਜਦੋਂ ਸਟੋਰ ਦੇ ਬਾਹਰ ਖੜ੍ਹੀ ਪਾਰਕ-ਲੇਨ 'ਚ ਖੜੀਆਂ ਕਾਰਾਂ ਦੀ ਗਿਣਤੀ ਕਰਦੀ ਰਹਿੰਦੀ ਹੈ -ਪਰ ਕਾਰ-ਚਾਲਕ ਉਸਦੇ ਸਟੋਰ ਤੇ ਨਹੀਂ, ਹੋਰ ਸਟੋਰਾਂ ਤੇ ਆਏ ਹੁੰਦੇ ਹਨ।"

ਵੀਹ-ਬਾਈ ਬੰਦਿਆਂ ਦੇ ਹਜੂਮ ਨੂੰ ਵੈਨਾਂ 'ਚ ਲੱਦਕੇ ਤੋਰ ਲਿਆ। ਉਚੇ ਪਹਾੜਾਂ ਦੀਆਂ ਚੋਟੀਆਂ ਸਰ ਕਰਨ ਲਈ ਸਾਡੇ ਮਗਰ ਬੈਗ ਬੰਨ੍ਹ ਦਿਤੇ। ਫੋਰਮੈਨ ਚੀਖਿਆ, "ਚਲੋ ਬਈ!" ਇੰਜ ਲੱਗਿਆ ਜਿਵੇਂ ਕੋਈ ਘੁਮਾਰ ਗਧਿਆਂ ਤੇ ਇੱਟਾਂ ਲਦਕੇ ਚਲਣ ਲਈ ਟਿਚਕਾਰੀ ਮਾਰਦਾ ਹੋਵੇ।

ਘੰਟੇ ਕੁ ਬਾਅਦ ਹੀ ਸਾਡੇ ਚਹੁੰ ਦੀਆਂ ਕਦਮ-ਤਾਲਾਂ ਇੰਜ ਹੋ ਗਈਆਂ, ਜਿਵੇਂ ਕੋਈ ਸਾਲ ਭਰ ਦਾ ਬੱਚਾ ਤੁਰਨਾ ਸਿੱਖ ਰਿਹਾ ਹੋਵੇ ! ਮੱਛਰ ਨੇ ਹਰੇਕ ਦੇ ਮੂੰਹ ਤੇ ਉਨੇ ਡੰਗ ਮਾਰੇ, ਜਿਨੇ ਭੀਸ਼ਮ ਪਿਤਾਮਾ ਦੇ ਪੇਟ 'ਚ ਤੀਰ ਖੁਭੇ ਸਨ। ਸਭ ਤੋਂ ਤਰਸ-ਯੋਗ ਹਾਲਤ ਬਲਜੀਤੇ ਦੀ ਸੀ। ਸੱਤ ਸਾਲ ਹੋਗੇ, ਇਸ ਮਾਂ ਦੇ ਸਪੂਤ ਨੂੰ ਕੈਨੇਡਾ ਆਏ। ਇਸਦੇ ਨਾਲ ਦੇ ਘਰਾਂ-ਕਾਰਾਂ ਦੇ ਮਾਲਕ ਨੇ, ਪਰ ਇਹਦਾ ਠਣ-ਠਣ ਗੁਪਾਲ ਹੀ ਹੈ। ਮੈਂ ਪੁਛਦਾ ਹਾਂ, "ਬਲਜੀਤੇ ! ਕੀ ਭਾਵੀ ਵਰਤ ਗਈ ਤੇਰੇ ਨਾਲ ?"

"ਕੀ ਦਸਾਂ ?" ਉਹ ਹਾਉਂਕਾ ਲੈਂਦਾ ਹੈ, "ਜੋ ਕਮਾਇਆ, ਰਿਸ਼ਤੇਦਾਰ ਨਾਲ ਵੀਡੀਓ ਦੀ ਦੁਕਾਨ ਖੋਲ ਬੈਠਾ। ਦੋ ਸਾਲ ਰੋਟੀ ਤੇ ਕੰਮ ਕਰਦਾ ਰਿਹਾ। ਮਕਾਰ ਰਿਸ਼ਤੇਦਾਰ ਨੇ ਦੁਕਾਨ ਵੇਚਕੇ ਪੈਸਾ ਹਜਮ ਕਰ ਲਿਆ ਤੇ ਬਹੁਤੇ ਦੇ ਲੋਭ 'ਚ ਥੋੜ੍ਹਾ ਵੀ ਗੁਆ ਬੈਠਾ !

ਮਕਾਰੀ ਦੇ ਜਾਲ ਨੇ ਉਹਨੂੰ ਕਿਸੇ ਪਾਸੇ ਜੋਗਾ ਨਹੀਂ ਛੱਡਿਆ ਜਾਂ ਉਹਦਾ ਆਲਸੀ ਸੁਭਾਅ ਉਹਦੀ ਸਭ ਪਾਸਿਓਂ ਸਿਕਸਤ ਦਾ ਕਾਰਨ ਹੈ— ਖੁਦਾ ਜਾਣੇ ? ਪਰ ਕੁਝ ਚਿਰ ਬਾਅਦ ਛੇ ਫੇਲ੍ਹ ਬਲਜੀਤੇ ਦੀ ਬੀ, ਏ. ਬੀ. ਐਡ ਵਾਈਫ ਜਦ ਲੱਖਾਂ ਅਰਮਾਨ ਦਿਲ 'ਚ ਲਈ ਬਲਜੀਤੇ ਦੀ ਬੇਸ ਮਿੰਟ 'ਚ ਪ੍ਰਵੇਸ ਕਰੇਗੀ, ਤਾਂ ਉਹਦੇ ਮਨ 'ਚ ਅਰਮਾਨਾ ਦੀ ਲਾਸ਼ ਤੱਕ ਮਚਿਆ ਕੁਹਰਾਮ ਕਿਸ ਕੰਨ ਦੇ ਪਰਦੇ ਨਹੀਂ ਪਾੜੇਗਾ।

(ਬਾਕੀ ਪੰਨਾ 14 ਤੇ)

ਲੋਥ ਨੂੰ ਛਾਵਾਂ ਦਾ ਕਾਹਦਾ ਆਸਰਾ ਹੈ

ਗੁਰਚਰਨ ਰਾਮਪੁਰੀ

ਚੋਰ ਤਾਂ ਘਰ ਵਿੱਚ ਹੀ ਰਹਿੰਦਾ ਹੈ ਮਿੱਤਰੋ !
ਬਾਹਰ ਕਾਹਨੂੰ ਭਾਲਦੇ ਹੋ !
ਜਾਣਦੇ ਬੁੱਝਦੇ ਵੀ ਅੱਖਾਂ ਮੀਟਦੇ ਹੋ,
ਭੋਲਿਓ ! ਮੁੱਦਤ ਤੋਂ ਮੁੜ ਮੁੜ ਲੁਟ ਰਹੇ ਹੋ।

ਕਈ ਵਾਰੀ ਏਸ ਘਰ ਡਾਕਾ ਪਿਆ ਹੈ ;
ਠੀਕ ਹੈ ਦਾਦੀ ਬੜੀ ਸੰਭਾਲ ਕਰਦੀ ਗਹਿਣਿਆਂ ਦੀ
ਪਰ ਹਰਿਕ ਵਾਰੀ ਹੀ ਡਾਕੂ ਦੀ ਰਫਲ ਦੀ ਨੋਕ ਸਿੱਧੀ
ਤੁਰਤ ਪੋਲੀ ਕੰਧ ਤੇ ਜਾ ਵੱਜਦੀ ਹੈ,
ਅੰਗ ਮਾਂ ਦੇ ਫੇਰ ਸੱਖਣੇ ਝਾਕਦੇ ਹਨ।

ਕਈ ਵਾਰੀ ਏਸ ਘਰ ਇੱਕ ਹੋਰ ਕੰਧ ਆ ਕੇ ਵੜੀ ਹੈ
ਵਾਸੀਆਂ ਨੂੰ ਬਾਹਰ ਨਿਕਲਣਾ ਪਿਆ ਹੈ।

ਕੱਲ੍ਹ ਜੀਹਨਾਂ ਕੂੜ ਸਰਦਾਰੀ ਦੀ ਖਾਤਰ
ਅਪਣਾ ਘਰ ਅੱਧਾ ਗੁਆਂਢੀ ਨੂੰ ਬੁਲਾ ਸੰਭਾਲਿਆ ਸੀ
ਅੱਜ ਸਾਂਝੀ ਕੰਧ ਗਿੱਠ ਖਿਸਕਾਣ ਦੇ ਲਈ
ਤੇਜ਼ ਛਵ੍ਹੀਆਂ, ਤੱਤੀਆਂ ਗੱਲਾਂ ਤੁਹਾਨੂੰ ਵੰਡਦੇ ਹਨ।

ਜੋ ਤੁਹਾਨੂੰ ਮਾਰ ਛਾਵੇਂ ਸੁੱਟਦਾ ਹੈ
ਉਹੋ ਵੀ ਮਿੱਤਰ ਨਹੀਂ ਹੈ,
ਲੋਥ ਨੂੰ ਛਾਂਵਾਂ ਦਾ ਕਾਹਦਾ ਆਸਰਾ ਹੈ !

ਪਰੰਪਰਾ ਸਾਡੀ 'ਚ, ਸੰਕਟ-ਪਲ ਲਈ, ਪ੍ਰਮਾਣ ਖਾਤਰ
ਕਥਨ ਪਹਿਲਾਂ ਹੀ ਪਿਆ ਹੈ
ਪਰ ਨਿਪੁੱਤੀ ਦਾ ਨਹੀਂ ਪੁੱਤਰ ਉਹ ਬਣਦਾ
ਨਾ ਹੀ ਸੱਖਣੀ ਮਾਂਗ ਵਿਚ ਸੰਧੂਰ ਭਰਦਾ।

ਏਸ ਘਰ ਸਦੀਆਂ ਤੋਂ ਚੋਰੀ ਹੋ ਰਹੀ ਹੈ,
ਚੋਰ ਨੂੰ ਨੰਗਾ ਕਰਨ ਦਾ ਬੇਕਿਰਕ ਜਿਗਰਾ ਕਰੋ ਹੁਣ,
ਚੋਰ ਜੇਹੜਾ ਕਿ ਵਜ਼ੀਰੀ ਭਾਲਦਾ ਹੈ
ਜਾਂ ਕਰੋੜਾਂ ਦੇ ਮੁਨਾਫੇ ਦੀ ਜ਼ਮਾਨਤ।
ਚਤਰ ਲੋਭੀ ਹੀ ਜਬਰ-ਦਰਬਾਰ ਦਾ ਸੂਹੀਆ ਹੈ ਪਾਪੀ
ਚੋਰ ਤਾਂ ਘਰ ਵਿੱਚ ਹੀ ਰਹਿੰਦਾ ਹੈ, ਮਿੱਤਰੋ !
ਬਾਹਰ ਕਾਹਨੂੰ ਭਾਲਦੇ ਹੋ !

(ਛਪ ਰਹੇ ਕਾਵਿ ਸੰਗ੍ਰਹਿ 'ਕਤਲਗਾਹ' 'ਚੋਂ)

(ਪੰਨਾ 13 ਦੀ ਬਾਕੀ)

ਮਹੁੰਮਦ ਤੁਗਲਕ ਵਰਗੀਆਂ ਮੁਛਾਂ ਵਾਲਾ ਫੋਰਮੈਨ ਬੂਟਿਆਂ ਦੀ ਫੋਲਾਫਾਲੀ ਕਰਦਾ ਹੈ। ਦੇਖਣ ਨੂੰ ਉਹ ਬੇਕਾਰ ਜਿਹਾ ਸਖਸ਼ ਹੈ, ਜਿਵੇਂ ਹੁਣੇ ਹਸਪਤਾਲੋਂ ਉਠਕੇ ਆਇਆ ਹੋਵੇ। ਕਾਫੀ ਵਿੰਗ-ਟੇਢ ਨੇ ਉਸ'ਚਾਖੋਰੇ ਪਲਾਂਟਾਂ ਦੀਆਂ ਜੜ੍ਹਾਂ ਦੀ ਸੇਧ ਕਿਵੇਂ ਪਰਖਦਾ ਹੈ ? ਮੈਨੂੰ ਆਪਣੇ ਸਕੂਲ ਦਾ ਹੈਡਮਾਸਟਰ ਗੌਰੀ ਸ਼ੰਕਰ ਯਾਦ ਆਉਂਦਾ ਹੈ। ਪਿਛਲੇ ਦਸ ਸਾਲ ਤੋਂ ਉਹਦੇ ਨਤੀਜੇ ਜੀਰੋ ਤੋਂ ਦਸ ਫੀ ਸਦੀ ਰਹੇ ਨੇ। ਸਾਲਾਂ ਦੀ ਬਿਨ੍ਹਾਂ ਤੇ ਉਸ ਦੀ ਪ੍ਰੋਮੋਸਨ ਹੋ ਗਈ ਤੇ ਹੈਡਮਾਸਟਰ ਬਣਕੇ ਉਹ ਅਧਿਆਪਕ ਦੀ ਪੜ੍ਹਾਉਣ ਵਿਧੀ ਤੇ ਵਾਅਵਾ ਟੀਕਾ-ਟਿਪਣੀ ਕਰਦਾ ਤੇ ਇਸ ਕੈਨੇਡਾ 'ਚ ਵੀ ਹਰ ਔਰਗਾਈਜੇਸ਼ਨ, ਹਰ ਸਭਾ, ਸੁਸਾਇਟੀ ਜਾਂ ਫੈਡਰੇਸ਼ਨ ਹਰ ਕੌਮੋਂ ਬੇਕਾਰ ਲੀਡਰਾਂ ਦੀ ਸੂਪਰਸਤੀ 'ਚ ਚਲ ਰਹੀਆਂ ਨੇ। ਲੱਗਦਾ, ਬੇਕਾਰ ਜਿਹਾ ਇਹ ਬੰਦਾ ਸੁਹਣੀ ਜਗ੍ਹਾ ਫਿਟ ਕੀਤਾ ਹੈ।

"ਭਾਅ ! ਤੇਰਾ ਆਹ ਬੂਟਾ ਤਾਂ ਜਮ੍ਹਾਂ ਈ ਬੂਰੇ 'ਚ ਆ, ਪਟਕੇ ਦੁਆਰਾ ਲਾ ।"

ਤੂੰ ਹੀ ਲਾਕੇ ਦੇਖਲਾ, ਭਰਾਵਾ, ਗਰਮੀ -ਮਛਰ ਦਾ ਸਤਾਇਆ ਕੋਈ ਬੋਲਦਾ ਹੈ।

"ਇਹ ਮੇਰੀ ਡਿਊਟੀ ਨਹੀਂ !"

"ਤੇਰੀ ਡਿਊਟੀ ਲੱਗੇ ਬੂਟੇ ਪੁਟਣਾ ਹੈ ?"

"ਤੈਨੂੰ ਪਤਾ, ਤੂੰ ਕੀਹਦੇ ਨਾਲ ਗਲ ਕਰਦਾਂ, ਇੰਨਸਪੈਕਟਰ ਵਧਾਵਾ ਸਿਓ ਦੇ ਮੁੰਡੇ ਨਾਲ...ਉਹਨੇ ਆਬਦੀ ਜਵਾਨੀ 'ਚ ਵੀਹ ਸੌ ਵੈਲੀ ਕੁਟਕੇ ਸਿੱਧਾ ਕੀਤਾ ਸੀ ਤੇ ਤੈਨੂੰ ਸਿਧਾ ਮੈਂ ਕਰੂ..."ਕੇਰਾਂ ਬਾਹਰ ਚੱਲ !"

ਸ਼ਕਤੀ ਦਾ ਚਮਤਕਾਰ ਹੈ। ਕੌਮਨਿਸਟ 'ਮਜ਼ਦੂਰੋ ! ਇਕ ਹੋ ਜਾਉ ਦਾ ਨਾਅਰਾ ਮਾਰਦੇ ਹਨ। ਇਥੇ ਸਭ ਮਜ਼ਦੂਰ ਹਨ, ਪਰ ਫੋਰਮੈਨ ਆਪਣੀ ਹੈਸੀਅਤ ਭੁਲ ਜਾਂਦਾ ਹੈ ਤੇ ਮਾਲਕ ਬਣਨ ਦਾ ਢੌਂਗ ਰਚਦਾ ਹੈ। — ਕਿਉਂਕਿ ਇਸ 'ਚ ਉਸਦੀਈਗੋ ਸੈਟਸਫਾਈਡ ਹੁੰਦੀ ਹੈ। ਅਰਥ-ਸਸਤਰ ਫੇਲ੍ਹ ਹੋ ਜਾਂਦਾ ਹੈ। ਮਾਰਕਸ, ਏਂਜਲਸ ਦੀਆਂ ਥਿਊਰੀਆਂ ਦਾ ਭਠਾ ਬੈਠ ਜਾਂਦਾ ਹੈ।

ਮਜਦੂਰਾਂ 'ਚ ਇਕ ਬਾਕਸਰ ਹੈ। ਸਾਰਾ ਦਿਨ ਉਹਦੀ ਜੀਭ ਅੰਦਰ ਨਹੀਂ ਵੜਦੀ। ਇਕ ਉਹਦੀ ਗੱਲ ਦਾ ਮਹਾਕ ਬਣਾਉਂਦਾ ਹੈ ਤਾਂ ਉਹ ਭਬਕਦਾ ਹੈ। "ਤਕਲੇ ਵਾਂਗੂੰ ਸਿੱਧਾ ਕਰਦੂੰ...ਭੈਣ... !" ਲੰਬੀ-ਗੰਦੀ ਗਾਲ ਤੇ ਗੱਲ ਮੁਕਦੀ ਹੈ ਦੋ ਪ੍ਰਕਾਰ ਦੀਆਂ ਸ਼ਕਤੀਆਂ ਦੇ ਵਿਖਾਵੇ ਵੀ ਪੇਸਕਸ਼ ਸਮਾਨ ਹੈ।

ਦਿਨ ਬੀਤਦੇ ਹਨ, ਘਰ ਆਉਂਦਾ ਹੈ। ਮੇਰਾ ਸਾਥੀ ਫੋਨ ਕਰਦਾ ਹੈ। ਫੋਨ ਬੂਥੋਂ ਬਾਹਰ ਨਿਕਲਦਾ ਹੈ ਤਾਂ ਉਹਦਾ ਮੂੰਹ ਤੇਲ ਨਾਲ ਭਿਜੇ ਫੁਲ ਵਰਗਾ ਹੁੰਦਾ ਹੈ ਤਾਜਾ -ਤਾਜਾ ! ਖੁਸ਼ੀ ਨਾਲ ਉਸਦੀਆ ਵਾਛਾਂ ਚੌੜੀਆਂ ਹੋ ਗਈਆਂ ਨੇ।

"ਬੀਬੀ ਕਹਿੰਦੀ ਸੀ ਕਿ ਜੇ ਕੰਮ ਔਖਾ ਜਾਂ ਜੀਅ ਨਹੀਂ ਲੱਗਦਾ ਤਾਂ ਮੁੜ ਆ।

...ਬਾਪੂ ਜੀ ਕਹਿੰਦੇ ਸਨ ਕਿ ਸਿਹਤ ਦਾ ਖਿਆਲ ਰਖੀਂ...ਨਰਿੰਦਰ ਕਹਿੰਦਾ ਸੀ ਕੰਮ ਤੋਂ ਮੁੜਕੇ ਪੀ-ਪੂ ਲਿਆ ਕਰੀਂ, ਨੀਂਦ ਚੰਗੀ ਆ ਜਾਂਦੀ ਹੈ।"

ਮੇਰੇ ਇਸ ਸਾਥੀ ਦੇ ਮਾਪੇ ਤਾਂ ਭਾਵੇਂ ਇੰਡੀਆ 'ਚ ਨੇ, ਪਰ ਮਾਪਿਆਂ ਤੋਂ ਵੀ ਵੱਧ ਸਹੁਰੇ ਇਸ ਲਈ ਘਣੇ ਰੁਖ ਨੇ, ਜਿਥੇ ਇਸ ਦਾ ਸਾਰਾ ਵਜੂਦ ਤਾਂ ਮਾਣ ਰਿਹਾ ਹੈ। ਸ਼ਾਇਦ ਇਸ ਲਈ ਵੀ ਕਿ ਉਸ ਛਾਂ ਹੇਠ ਕਿਸੇ ਹੋਰ ਨੂੰ ਬੈਠਣ ਦੀ ਇਜਾਜਤ ਨਹੀਂ।

ਮੈਨੂੰ ਮੇਰੀ ਬੇਬੇ ਯਾਦ ਆਉਂਦੀ ਹੈ। ਸਕੂਲੋਂ ਪੜ੍ਹਾਕੇ ਆਉਣਾ ਤਾਂ ਦੁਧ ਦਾ ਗਲਾਸ ਭਰਕੇ ਬੇਬੇ ਨੇ ਮੋਢੇ ਤੇ ਹਥ ਰਖਕੇ ਕਹਿਣਾ, "ਥੱਕ ਗਿਆ ਹੋਣਾ ਮੇਰਾ ਪੁਤ? ਤੇ ਐਤਵਾਰ ਨੂੰ ਉਹ ਕਿਸੇ ਚਆਕ ਨੂੰ ਚੂਕਣ ਨਾ ਦਿੰਦੀ, ਅਤੇ ਉਸ ਦੇ ਰਾਜੇ ਪੁਤ ਦੀ ਨੀਂਦ 'ਚ ਭੰਗਣਾ ਪੈਜੇ !

ਕੈਨੇਡਾ ਤੁਰਨ ਵੇਲੇ ਮੇਰੀਆਂ ਅਖਾਂ ਭਰ ਆਈਆਂ। ਬੇਬੇ ਕਾਲਜੇ 'ਚ ਮੁਠੀਆਂ ਦਈ ਪਰ੍ਹੇ ਪਰ੍ਹੇ ਫਿਰ ਰਹੀ ਸੀ, ਮਤੇ ਉਸ ਦੀਆਂ ਅੱਖਾਂ ਦਾ ਸਿਲਾਬ ਬਹਿ ਨਿਕਲੇ। ਸਿਰ ਤੇ ਹੱਥ ਰਖਦੀ ਬੇਬੇ ਬੋਲੀ, "ਮੇਰਾ ਰਾਜਾ ਪੁਤ ! ਤੂੰ ਕਾਹਤੋਂ ਦਿਲ ਉਦਾਸ ਕਰੇਂ...ਤੈਨੂੰ ਤਾਂ ਤੇਰੇ ਮਾਂ-ਬਾਪ ਈ ਮਿਲ ਜਾਣੇ ਨੇ...ਸੱਸ-ਸਹੁਰਾ ਮਾਂ ਬਾਪ ਈਂ ਤਾਂ ....ਤੂੰ ਤਾਂ ਕਿਸਮਤ ਵਾਲਾ ਰਾਜੇ ਪੁਤ ਕਿ ਤੈਨੂੰ ਬਾਪ ਵਰਗੇ ਸਹੁਰੇ ਦਾ ਪਿਆਰ ਮਿਲਣਾ, ਤੇਰਾ ਆਪਣਾ ਬਾਪ ਤਾਂ ਥੋਨੂੰ ਅੱਧ- ਵਿਚਕਾਰ ਛੱਡਕੇ ਰੁਖਸਤ ਹੋ ਗਿਆ ਸੀ।"

ਇਕ ਅਰਮਾਨ ਸੀ ਕੈਨੇਡਾ ਆਉਣਾ ਪੂਰਾ ਹੋ ਗਿਆ। ਪਰ ਇਸ ਅਰਮਾਨ-ਪੂਰਤੀ ਨੇ ਉਸ ਮੁਕਾਮ ਤੇ ਖੜ੍ਹਾ ਕਰ ਦਿਤਾ, ਜਿਥੇ ਜਦੋ-ਜਹਿਦ 'ਚ ਕੋਈ ਮੇਰਾ ਸਾਥੀ ਨਹੀਂ ਸੀ। ਪੱਥਰਾਂ ਨਾਲ ਭੰਗਣੀ ਯੁਧ ਕਰਦੇ ਵੇਲੇ ਜੀਅ ਵੀ ਕਰਦਾ ਸੀ ਆਪਣੇ ਮਾਂ ਬਾਪ ਵਰਗੇ ਸੱਸ ਸਹੁਰੇ ਨੂੰ ਫੋਨ ਕਰਨ ਦਾ। ਕਾਸ਼ ! ਕੋਈ ਮੈਨੂੰ ਵੀ ਕਹਿੰਦਾ, ਪੁਤ ! ਜੇ ਕੰਮ ਔਖਾ ਹੈ ਤਾਂ ਮੁੜ੍ਹ ਆ" ...ਕੋਈ ਸਿਹਤ ਦਾ ਖਿਆਲ ਰੱਖਣ ਦੀ ਸਲਾਹ ਦਿੰਦਾ। ਪਰ ਉਸ ਘਰ ਦਾ ਫੋਨ ਨੰਬਰ ਮੇਰੇ ਲਈ ਵਿਵਰਜਤ ਨੰਬਰ ਹੈ। ਸਾਲ-ਡੇਢ ਸਾਲ ਦੇ ਅਰਸੇ 'ਚ ਮੈਂ ਇਹ ਨੰਬਰ ਸਿਰਫ ਇਕ ਵਾਰ ਘੁਮਾਇਆ ਹੈ।

"ਹੈਲੋ ! ਅਗੋਂ ਆਵਾਜ਼ ਆਈ।

"ਸਤਿ ਸ੍ਰੀ ਅਕਾਲ... ਮੈਂ ਦੀਪ ਨਾਲ ਗੱਲ ਕਰਨੀ ਹੈ। "ਧੀਰੇ ਜਿਹੇ ਮੈਂ ਕਿਹਾ ਬਿਨਾਂ ਕੁਛ ਕਹੇ ਉਸ ਫੋਨ ਦੀਪ ਨੂੰ ਦੇ ਦਿਤਾ ਤੇ ਦੀਪ ਦੀ ਆਵਾਜ ਆਈ, "ਤੂੰ ਫੋਨ ਤੇ ਕੀ ਕਿਹਾ ਸੀ ?

"ਕੁਝ ਵੀ ਨਹੀਂ, ਸਿਰਫ ਐਨਾ ਕਿ ਮੈਂ ਦੀਪ ਨਾਲ ਗੱਲ ਕਰਨੀ ਹੈ।"

"ਪਰ ਉਹ ਤਾਂ ਕਹਿ ਰਿਹਾ ਸੀ ਕਿ ਇਹ ਫੋਨ ਕਰਨ ਵਾਲਾ ਕੌਣ ਹੈ...ਏਹਨੂੰ ਗੱਲ ਕਰਨ ਦੀ ਵੀ ਅਕਲ ਨਹੀਂ ... ਉਲੂ ਦਾ ਪੱਠਾ !"

ਮੇਰੇ ਸੀਨੇ 'ਚ ਇਕ ਜਵਾਲਾ ਮੁਖੀ ਫਟਦਾ ਹੈ। ਉਹਨਾਂ ਦੀਆਂ ਨਜਰਾਂ 'ਚ ਮੈਂ ਕੋਈ ਖਤਾ ਕੀਤੀ ਹੈ, ਤਾਂ ਸਜਾ ਦਾ ਹੱਕਦਾਰ ਵੀ ਮੈਂ ਹਾਂ। ਵਰ੍ਹਿਆਂ ਪਹਿਲੇ ਰੱਬ ਨੂੰ ਪਿਆਰੇ ਹੋਏ ਮੇਰੇ ਬਾਪ ਨੂੰ ਗਾਲ ਦੇਣ ਦਾ ਅਧਿਕਾਰ ਕਿਸੇ ਨੂੰ ਨਹੀਂ, ਮੈਂ ਕਿਸੇ ਨੂੰ ਗਾਲ ਨਹੀਂ ਕਢਦਾ, ਪਰ ਲੋਕ ਕਿੰਨੇ ਸੰਗ ਦਿਲ ਨੇ ਕਿ ਮਰਿਆਂ ਨੂੰ ਵੀ ਨਹੀਂ ਬਖਸ਼ਦੇ।"

ਮੈਂ ਆਪਣੇ ਘਰ ਫੋਨ ਕਰਦਾ ਹਾਂ। ਉਦਾਸ ਜਿਹੀ ਪਤਨੀ ਦੀ ਹੈਲੋ ਕੰਨੀਂ ਪੈਂਦੀ ਹੈ।

ਰੈਡੀ ਦਾ ਕੀ ਹਾਲ ਹੈ ? ਮੈਂ ਆਪਣੇ ਛੇ ਮਹੀਨੇ ਦੇ ਬੱਚੇ ਬਾਰੇ ਆਤਰ ਹਾਂ।

"ਕੁਝ ਢਿਲਾ ਹੈ...ਟੱਟੀਆਂ ਲੱਗੀਆਂ ਨੇ...ਡਾਕਟਰ ਦੇ ਲੈਕੇ ਗਈ ਸੀ !

ਮੇਰੇ ਹਵਾਸਾ ਤੇ ਬਿਜਲੀ ਡਿਗ ਪਈ। ਰੈਂਡੀ ਮੇਰੀ ਜਾਨ ਹੈ, ਮੇਰਾ ਸਰਮਾਇਆ ਹੈ, ਮੇਰੀ ਦੁਨੀਆ ਹੈ। ਉਹਦੀ ਇਕੋ ਮੁਸਕਾਹਟ ਬੇਗਾਨਿਆਂ ਦੀ ਸਾਰੀ ਕੁੜੱਤਣ ਨੂੰ ਹਰਨ ਕਰ ਦਿੰਦੀ ਹੈ।

ਆਪਣੇ ਮਾਂ-ਬਾਪ ਨੂੰ ਬਥੇਰੀ ਵਾਰ ਕਹਿੰਦੇ ਮੈਂ ਸੁਣਿਆਂ ਹੈ, ਚਲ, ਸਾਡਾ ਕੀ ਆ...ਜੈਸੀ ਗੁਜਸੀ, ਤੈਸੀ ਭਲੀ ! ਆਹ ਜੁਆਕਾਂ ਦਾ ਕੁਝ ਬਣਜੇ !"

ਤੇ ਸੋਚਦਾ ਸਾਂ ਨਿਆਣੀ ਸੋਚ, "ਹਰੇਕ ਨੂੰ ਜੀਣ ਦਾ ਹੱਕ ਹੈ...ਭਲਾ ਜੁਆਕਾਂ ਦਾ ਜਿੰਦਗੀ ਬਣਾਉਂਦਾ ਕੋਈ ਆਪ ਕਿਉਂ ਕੱਖ-ਪਲਾਹੀ ਹੋਕੇ ਰਹਿਜੇ। ਪਰ ਹੁਣ ਬਾਪ ਬਣਕੇ ਪਤਾ ਚਲਿਆ ਹੈ ਕਿ ਮਾਪੇ ਸਹੀ ਕਹਿੰਦੇ ਸਨ। ਮੈਂ ਆਪਣੇ ਪੁਤਰ ਖਾਤਰ ਮੀਲਾਂ ਉਚੇ ਪਹਾੜਾਂ ਤੇ ਰੁਲਣ ਲਈ ਤਿਆਰ ਹਾਂ। ਹਰ ਸਾਹ ਨਾਲ ਇਹੀ ਦੁਆ ਨਿਕਲਦੀ ਹੈ,"ਪਰਵਦਗਾਰ ! ਉਸ ਦਾ ਰੱਤੀ ਜਿਨ੍ਹਾਂ ਦੁਖ ਵੀ ਮੇਰੀ ਝੋਲੀ ਪਾਦੇ। ਮੈਂ ਆਪਣਾ ਸੁੱਖ-ਆਰਾਮ ਉਹਦੀ ਖੁਸ਼ੀ ਤੇ ਨਿਸ਼ਾਵਰ ਕਰਨ ਨੂੰ ਤਿਆਰ ਹਾਂ, ਪਰ ਉਹਦੀ ਜਿੰਦਗੀ ਸੁਖਾਂ ਦੀ ਛਾਂ ਹੇਠ ਪਲੇ !"

"ਹੁਣ ਠੀਕ ਹੈ ! ਪਤਨੀ ਦੀ ਆਵਾਜ਼ ਮੇਰੀ ਸੋਚ-ਲੜੀ ਨੂੰ ਤੋੜਦੀ ਹੈ। ਇੰਡੀਆ ਤੋਂ ਚਿਠੀ ਆਈ ਸੀ ਕਿ ਬੇਬੇ ਦਾ ਮੈਡੀਕਲ ਹੋ ਗਿਆ ਹੈ, ਛੇਤੀ ਵੀਜਾ ਮਿਲ ਜਾਵੇਗਾ।

ਬੇਬੇ ! ਬੋਲ ਜਿਵੇਂ ਮਿਸਰੀ 'ਚ ਘੁਲੇ ਹੋਣ। ਕਿੰਨਾ ਮੋਹ ਹੈ ਹਰ ਇਕ ਨੂੰ ਆਪਣੀ ਮਾਂ ਨਾਲ। ਮੇਰੀ ਪਤਨੀ ਕੰਮ ਤੇ ਜਾਂਦੀ ਹੈ, ਉਸ ਪਿਛੋਂ ਰੈਂਡੀ ਦਾ ਮਿਸਟਰ ਮੌਮ ਮੈਂ ਹੀ ਹੁੰਦਾ ਹਾਂ ਉਸਨੂੰ ਦੁਧ-ਜੂਸ ਪਿਆਂਉਂਦਾ ਹਾਂ, ਨਹਾਉਂਦਾ ਹਾਂ, ਡੈਅਪਰ ਬਦਲਦਾ ਹਾਂ, ਪਰ ਜਦ ਉਹਦੀ ਮਾਂ ਸ਼ਾਮੀਂ ਪਰਤਦੀ ਹੈ ਤਾਂ ਰੈਂਡੀ ਉਸ ਵਲ ਝਾਕਕੇ ਡੂੰਘਾ ਹਾਉਂਕਾ ਲੈਂਦਾ ਹੈ ਤੇ ਰੋਣਾ ਸ਼ੁਰੂ ਕਰ ਦਿੰਦਾ ਹੈ। ਦਿਨ-ਭਰ ਜਿਵੇਂ ਮੈਂ ਉਸ ਨੂੰ ਕੁਟਦਾ ਰਿਹਾ ਹੋਵਾਂ ਤੇ ਉਹ ਮੇਰੀ ਸ਼ਕਾਇਤ ਕਰ ਰਿਹਾ ਹੋਵੇ।

ਬੇਬੇ ਕੈਨੇਡਾ ਆਏਗੀ ਤਾਂ ਮੈਂ ਉਸ ਦੇ ਹਥ ਦੀ ਬਣੀ ਕੜ੍ਹੀ ਖਾਵਾਂਗਾ। ਕੜ੍ਹੀ ਮੈਨੂੰ ਬਹੁਤ ਪਸੰਦ ਹੈ। ਮੇਰੀ ਪਤਨੀ ਕੜ੍ਹੀ ਬਣਾਉਣ ਵੇਲੇ ਬਹੁਤ ਤਰੱਦਦ ਕਰਦੀ ਹੈ- ਤਰ੍ਹਾਂ ਤਰ੍ਹਾਂ ਦੇ ਮਸਾਲਿਆਂ ਦੇ ਤੜਕੇ ਲੱਗਦੇ ਨੇ, ਪਰ ਮੇਰੀ ਚਾਹਤ ਦਾ ਸਮਾਨ ਨਹੀਂ ਬਣਦਾ। ਤੇ ਬੇਬੇ ? ਬੇਸਣ ਤੇ ਪਾਣੀ ਦਾ ਘੋਲ੍ਹੂਆ ਜਿਹਾ ਬਣਾਕੇ, ਚਿੜੀ ਦੀ ਬਿਠ ਜਿਨਾ ਘਿਉ ਪਾਕੇ, ਹਰੇ ਗੰਢੇ ਦੀਆਂ ਭੂਕਾਂ ਕਟਕੇ ਉਹ ਕੜੀ ਬਣਾਉਂਦੀ ਹੈ ਕਿ ਰਾਜੇ ਰੈਸਟੋਰੈਂਟ ਦੀ ਚਿਕਨ-ਤੰਦੂਰੀ ਫਿਕੀ ਪੈ ਜਾਏ।

ਬੇਬੇ ਨੇ ਕੈਨੇਡਾ ਤੁਰਨ ਵੇਲੇ ਕਿਹਾ ਸੀ, "ਪੁਤ ਆਬਦੇ ਭਰਾ ਵਲ ਝਾਕਦਾ ਰਹੀਂ...ਉਸ ਨੇ ਤੈਨੂੰ ਪੜਾਇਆ ਤੇ ਏਥੇ ਤੱਕ ਪੁਚਾਇਆ ਹੈਗਾ...ਪੈਸਾ ਪੁਸਾ ਭੇਜਦਾ ਰਿਹਾ ਕਰੀਂ।" ਬਹੁਤ ਜੀਅ ਕਰਦਾ ਹੈ ਭਰਾ ਨੂੰ ਪੈਸਾ ਭੇਜਾਂ, ਪਰ ਅਨਅੰਪਲਾਈਮੈਂਟ ਦੀਆਂ ਚੈਕਾਂ ਨਾਲ ਕੀ ਕੋਈ ਨਹਾਲੈ ਤੇ ਕੀ ਬਚਾਲੂ ? ਬੇਬੇ ਸੋਚਦੀ ਹੋਏਗੀ, "ਘਰ ਆਲੀ ਦਾ ਹੋ ਕੇ ਰਹਿ ਗਿਆ ...ਸਾਰਿਆਂ ਨੂੰ ਭੁਲ ਗਿਆ। ਉਹ ਆਏ ਗੀ ਤੇ ਦੇਖ ਲਏਗੀ ਕਿ ਆਪਣੇ ਹੀ ਬਜਾਏ ਚਕ੍ਰਵਿਯੁ 'ਚ ਉਹਦਾ ਅਭਮਨੂੰ ਆਪਣੀ ਜਾਨ ਬਚਾਉਣ ਦੇ ਕਿਵੇਂ ਹੀਲੇ ਕਰ ਰਿਹਾ ਹੈ — ਭਾਵੇਂ ਉਹਦਾ ਹਰ ਹੀਲਾ ਅਸਫਲਤਾ ਵਲ ਹੀ ਇਕ ਹੋਰ ਕਦਮ ਹੁੰਦਾ ਹੈ।

"ਹੋਰ ਕੰਮ ਤਾਂ ਵਾਲਾ ਔਖਾ ਨਹੀਂ ? ਪਤਨੀ ਸਵਾਲ ਕਰਦੀ ਹੈ।

"ਨਹੀਂ ! ਮੈਂ ਝੂਠ ਬੋਲਦਾ ਹਾਂ। ਮੈਂ ਸੱਚ ਨਹੀਂ ਬੋਲ ਸਕਦਾ। ਮੈਂ ਪਤੀ ਹਾਂ, ਬਾਪ ਹਾਂ। ਦੋ ਮੂੰਹਾਂ ਦੀਆਂ ਗ੍ਰਾਹੀਆ ਦਾ ਜੁੰਮੇਵਾਰ ਮੈਂ ਹੀ ਹਾਂ। ਜੁੰਮੇਵਾਰ ਲੋਕ ਔਖ-ਸੌਖ ਦੀ ਦਾਦ ਫਰਿਆਦ ਨਹੀਂ ਕਰਦੇ ਹੁੰਦੇ ?

ਫੋਨ-ਬੂਥੋਂ ਬਾਹਰ ਨਿਕਲਦਾ ਹਾਂ ਤਾਂ ਮੇਰਾ ਮੂੰਹ ਬੇਹੇ ਫੁਲ ਵਰਗਾ ਹੈ — ਰੰਗਹੀਣ, ਖੁਸ਼ਬੂ-ਰਹਿਤ, ਸੁਕਦੀਆਂ ਪੱਤੀਆਂ ਵਰਗਾ।

ਕੰਮ ਤੋਂ ਪਰਤਦੇ ਹੀ ਹਾਂ ਕਿ ਦਰਵਾਜੇ ਤੇ ਦਸਤਕ ਹੁੰਦੀ ਹੈ। ਚਾਰੇ ਹੈਰਾਨ ਹਾਂ ਕਿ ਇਸ ਸ਼ਹਿਰ ਕੁਨੈਲ 'ਚ ਸਾਨੂੰ ਜਾਨਣ ਵਾਲਾ ਕੌਣ ? ਦਸਤਕ ਦੇਣ ਵਾਲਾ ਸਾਂਝੀ ਸਲਾਮ ਚਾਰਾਂ ਦੇ ਪੈਰਾਂ 'ਚ ਦੇ ਮਾਰਦਾ ਹੈ।

'ਮੇਰਾ ਨਾਂ ਹਰਬੰਸ ਬਰਾੜ ਹੈ... ਮੈਂ ਹਰਭਜਨ ਹਾਂਸ ਨੂੰ ਮਿਲਣਾ ਚਾਹੁੰਦਾ ਹਾਂ

"ਆਉ ਜਨਾਬ ! ਮੈਂ ਹੀ ਹਾਂਸ ਹਾਂ !" ਝਕਦੇ ਜਿਹੇ ਮੈਂ ਕਿਹਾ। ਬਰਾੜ ਅੱਖਾਂ ਟੱਡ ਕੇ ਮੇਰੇ ਵੱਲ ਝਾਕਿਆ। ਦੋ-ਚਾਰ ਵਾਰ ਉਸ ਅੱਖਾਂ ਝਪਕੀਆਂ, ਸ਼ਾਇਦ ਉਸਦੇ ਤਸ਼ਵਰ ਵਾਲਾ ਹਰਭਜਨ ਹਾਂਸ ਉਥੇ ਨਹੀਂ ਸੀ।

'ਸਾਫ-ਸੁਫੈਦ ਕਪੜੇ, ਹਥ 'ਚ ਕਲਮ-ਕਾਪੀ, ਚਿਹਰੇ ਤੇ ਦਾਰਸ਼ਨਿਕ-ਭਾਵ, ਮੂਹੋਂ ਨਿਕਲਦੇ ਅਰਥ-ਭਰਪੂਰ ਬੋਲ ਛੋਟੇ ਹੁੰਦੇ ਦਾ ਮੇਰਾ ਇਹ ਤਸਵਰ ਸੀ ਇਕ ਲੇਖਕ ਬਾਰੇ। ਹੋ ਸਕਦੈ ਬਰਾੜ ਦਾ ਤਸ਼ਵਰ ਵੀ ਇਹੋ ਹੋਵੇ।

ਖੁਸ਼ਕ ਵਾਲ : ਗੰਦੀ ਪੈਂਟ-ਕਮੀਜ, ਪੈਰੀਂ ਸੇਰ ਪੱਕੇ ਦੇ ਰਬੜ ਦੇ ਬੂਟ ਮੂੰਹ ਤੇ ਵੀਰਾਨਗੀ ਲਈ ਮੈਂ ਉਸਦੇ ਰੂਬਰੂ ਸੀ। ਅੰਮ੍ਰਿਤ ਵੇਲੇ ਕੋਈ ਦਰਸ਼ਣ-ਅਭਿਲਾਖੀ ਦਰਬਾਰ ਸਾਹਿਬ ਦੀ ਡਿਊਢੀ ਤੇ ਸਿਰ ਨਿਵਾਉਣ ਆਇਆ ਤਾਂ ਸਾਹਮਣੇ ਹੁਕਮਰਾਨ ਇੰਦਰਾ ਦੀ ਫੌਜ ਦੀ ਤਬਾਹੀ ਮਚਾਈ ਦੇਖਕੇ ਜਿਵੇਂ ਉਸ ਨੂੰ ਸਕਤਾ ਮਾਰ ਗਿਆ ਹੋਵੇ। ਸੋਚਦਾ ਹੋਇਆ ਰੱਬ ਦੇ ਘਰ ਤੇ ਬੰਦੇ ਦਾ ਕਹਿਰ ! ਬਰਾੜ ਸਾਹਿਬ ! ਨੂੰ ਸ਼ਾਇਦ ਪਤਾ ਨਹੀਂ ਕਿ ਦਿਲ 'ਚ ਸੋਚੇ ਲੇਖਕ ਦਾ ਤਸੱਵਰ ਗੋਇਆ ਸਫੈਦ ਕਪੜੇ, ਕਲਮੀਂ ਨੂਰ" ਕਿਸੇ ਅਖਬਾਰ ਦੇ ਨਾਲ-ਲਿਟਰੇਰੀ ਸੰਪਾਦਕ ਦੇ ਚਿਹਰੇ ਤੇ ਤਾਂ ਹੋ ਸਕਦਾ, ਕਿਸੇ ਲੇਖਕ ਦੇ ਚਿਹਰੇ ਤੇ ਨਹੀਂ-ਲੇਖਕ ਭਾਵੇਂ ਹਰਭਜਨ ਹਾਂਸ ਹੋਵੇ, ਚਰਨ ਸਿਓਂ ਜਾਂ ਗੁਰਦੇਵ ਸਿਓਂ ਮਾਨ ! ਹੋ ਸਕਦੈ, ਪਤਾ ਵੀ ਹੋਵੇ।

"ਪੰਜਾਬੀ ਦੇ ਉਚਤਮ ਲੇਖਕ ਹਰਭਜਨ ਹਾਂਸ ਨੂੰ ਕੁਨੈਲ ਜੀ ਆਇਆ ਕਹਿੰਦਾ ਹੈ।

"ਮਿਹਰਬਾਨੀ !" ਗੰਦੇ ਕਪੜਿਆਂ 'ਚ ਲਿਪਟੇ ਮਾਸ ਦੇ ਪੁਤਲੇ ਚੋਂ ਮੈਂ 'ਉਚਤਮ' ਤਲਾਸਦਾ ਹਾਂ।

"ਛੋਟੀ ਜਿਹੀ ਸਾਹਿਤਕ-ਮੀਟਿੰਗਾਂ ਤੇ ਰੋਟੀ-ਪਾਣੀ ਦਾ ਪ੍ਰਬੰਧ ਸਥਾਨਕ ਲੇਖਕਾਂ ਨੇ ਕੀਤਾ ਹੈ, ਉਮੀਦ ਹੈ ਕਬੂਲ ਫਰਮਾਉਂਗੇ !" ਇਕ ਇਕ ਲਫਜ ਜਿਵੇਂ ਬਰਨਬੀ ਵਾਲੇ ਸਾਧੂ ਦੀ ਕਿਤਾਬ ਦੀ ਭੂਮਿਕਾ ਚੋਂ ਚੋਰੀ ਕੀਤਾ ਹੋਵੇ।

ਮੇਰੇ ਸਹਿ-ਕਰਮੀਆਂ ਦੀਆਂ ਵਾਛਾਂ ਖਿਲ ਗਈਆਂ। ਆਪਣੇ ਹਥੀਂ ਬਣਾਈਆਂ ਕੱਚੀਆਂ -ਪਿਲੀਆਂ ਰੋਟੀਆਂ ਤੇ ਜਾ ਇਕੇ-ਹੀਣ ਦਾਲ ਤੋਂ ਦਿਲ ਭਰਿਆ ਹੋਇਆ ਸੀ।

ਬੜਾ ਸੋਹਣਾ ਮਹੌਲ, ਅਪਣਤ ਨਾਲ ਲਬਰੇਜ। ਸ਼ਾਇਦ ਅਪਣੱਤ ਦੀ ਅਣਹੋਂਦ ਕਾਰਨ ਥੋੜੀ ਜਿਹੀ ਅਪਣਤ ਵੀ ਵਾਹਲੀ ਲਗਦੀ ਹੈ।— ਕੀੜੀ ਨੂੰ ਠੂਠਾ ਦਰਿਆ।

ਰੋਟੀ ਖਾ ਰਹੇ ਸੀ ਤਾਂ ਬਰਾੜ ਕੋਲ ਬੈਠਾ ਸੀ —ਕਿਸੇ ਚੀਜ਼ ਦੀ ਕਮੀ-ਪੇਸ਼ੀ ਨਾ ਆਏ। ਸੋਚਾਂ ਦਾ ਸਫਰ — ਜਦੋਂ ਸਾਡੇ ਜੀਜਾ ਜੀ ਪਿੰਡ ਆਉਂਦੇ ਤਾਂ ਉਨ੍ਹਾਂ ਨੂੰ ਰੋਟੀ ਖਾਦਿਆਂ ਬੇਬੇ ਨੇ ਪੱਖੀ ਝੱਲੀ ਜਾਣੀ। ਬਿਜਲੀ ਦਾ ਪੱਖਾ ਭਾਵੇਂ ਘੂੰ-ਘੂੰ ਕਰਦਾ, ਪਰ ਪੱਖੀ ਦੀ ਚੀਂ-ਚੀਂ ਚਲਦੀ ਰਹਿੰਦੀ।

"ਬੇਬੇ, ਫੈਨ ਅੱਗੇ ਈ ਹਨੇਰੀ ਲਿਆਈ ਜਾਂਦਾ...ਆਹ ਤੇਰੀ ਫੈਨੀ ਕਿਧਰੇ ਤੂਫਾਨ ਨਾ ਲਿਆ ਦੇਣ ਤੇ ਜੀਜਾ ਜੀ ਵਿਚਾਰੇ ਵਿਚੇ ਹੀ ਉਡ ਜਾਣ !" ਮੈਂ ਬੋਲਦਾ।

"ਬਸ ਕਰਵੇ...ਪੱਖੀ ਕਿਤੇ ਹਵਾ ਨੂੰ ਹੁੰਦੀ ਆ...ਇਹਦੀ ਝੱਲ ਨਾਲ ਤਾਂ ਮੱਛਰ ਮੱਖੀ ਨੇੜੇ ਨੀਂ ਆਉਂਦੇ...ਨਾਲੇ ਕਿਵੇਂ ਪਤਾ ਚਲੂ ਕਿ ਪੁਤ ਕੋਲ ਕੋਈ ਚੀਜ਼ ਤਾਂ ਨਹੀਂਓਂ ਥੁੜੀ ਹੋਈ।

ਕਿਸਮਤ ? ਹਾਂ, ਕਿਸਮਤ ਹੀ ਤਾਂ ਹੈ— ਕਿਸੇ ਦੀ ਸਸ ਰੋਟੀ ਖਾਂਦੇ ਨੂੰ ਪੱਖੀ ਝਲਦੀ ਹੈ ਤੇ ਕਿਸੇ ਦੀ ਸੱਸ ਚਾਹ ਦਾ ਨਾਂ ਵੀ ਨਹੀਂ ਲੈਂਦੀ।

ਬਰਾੜ ਦਾ ਮੋਹ ਦੇਖਕੇ ਮੇਰੀਆਂ ਅੱਖਾਂ ਤੋਂ ਹੰਝੂ ਨਾ ਰੋਕੇ ਗਏ। ਜਿਥੇ ਮੋਹ ਪ੍ਰਾਪਤੀ ਮੇਰਾ ਹੱਕ ਸੀ, ਉਥੋਂ ਨਫਰਤ ਤੋਂ ਸਿਵਾ ਕੁਝ ਨਾ ਮਿਲਿਆ, ਤੇ ਜਿਥੇ ਚਿਤ-ਚੇਤਾ ਵੀ ਨਹੀਂ ਸੀ, ਮੋਹ ਦੀ ਉਹ ਵਰਖਾ ਹੋਈ ਕਿ ਬੰਜਰ ਜਿੰਦਗੀ ਦਾ ਹਰ ਕੋਨਾ ਮਹਿਕ ਗਿਆ।

"ਤੇਰੀਆਂ ਕਹਾਣੀਆਂ ਪੜ੍ਹਕੇ ਸਾਨੂੰ ਤੇਰੇ ਦਿਲ ਦੀ ਹਾਲਤ ਦਾ ਅੰਦਾਜਾ ਹੈ ਤੇਜ ਸਮਾਧਵੀ ਬੋਲਿਆ, ਪਰ ਯਾਰ ! ਤੂੰ ਐਡਾ ਅਜੀਮ ਹੋਕੇ ਵੀ ਛੋਟੀ ਜਿਹੀ ਗੱਲ ਤੇ ਦਿਲ ਹੌਲਾ ਕਰੀ ਫਿਰਦਾਂ...ਤੂੰ ਤਾਂ ਲੋਕਾਂ ਨੂੰ ਸੇਧ ਦੇਣੀ ਹੈ...ਉਨ੍ਹਾਂ ਦੇ ਦੁਖ ਬਿਆਣਨੇ ਨੇ...

"ਜੋ ਆਪਣੇ ਦੁਖਾਂ ਦੀ ਚਾਰ ਦਿਵਾਰੀ ਤੋਂ ਮੁਕਤ ਨਹੀਂ ਹੋ ਸਕਦਾ, ਉਹ ਹੋਰਾਂ ਬਾਰੇ ਕੀ ਕਹੂ ?" ਹੰਝੂ ਰੋਕਦੇ ਮੈਂ ਕਿਹਾ।

"ਦੁਖ ਤਾਂ ਜਦੋ-ਜਹਿਦ ਦਾ ਮਾਰਗ-ਦਰਸ਼ਣ ਕਰਦੇ ਨੇ, ਜੀਣਾ ਸਿਖਾਉਂਦੇ ਨੇ !" ਸਮਾਧਵੀ ਬੋਲਿਆ,"ਮੰਜਿਲ ਹਾਸਲ ਕਰਨ ਲਈ ਜਿਸ ਉਂਗਲ ਦੀ ਤੈਨੂੰ ਲੋੜ ਹੈ, ਉਹ ਤੇਰੇ ਕੋਲ ਹੈ....ਤੇਰਾ ਪੁਤਰ ! ਕਿਸੇ ਭੈਣ-ਭਾਈ, ਭੂਆ-ਮਾਮੇ, ਸੱਸ-ਸਹੁਰੇ, ਆਪਣੇ ਬਿਗਾਨੇ ਨੇ ਤੈਨੂੰ ਅਣਗੌਲਿਆ ਹੈ ਤਾਂ ਉਨ੍ਹਾਂ ਨੂੰ ਹਿੱਕ ਤਾਣਕੇ ਜੀਕੇ ਦਿਖਾ...ਉਨ੍ਹਾਂ ਨੂੰ ਦੱਸ ਕਿ ਉਹ ਵੀ ਜੀਂਦੇ ਨੇ,ਜਿੰਨਾ ਦਾ ਕੋਈ ਨਹੀਂ ਹੁੰਦਾ, ਤੇਰੇ ਪਾਸ ਹਾਂ ਤੇਰੀ ਕਰਮਸ਼ੀਲ ਪਤਨੀ ਹੈ, ਤੇਰਾ ਚਮਕਦਾ ਭਵਿਸ਼ ਚਿੰਨ-ਪੁਤਰ ਹੈ...ਫੇਰ ਦੇਖੀ ਚੜ੍ਹਦੇ ਸੂਰਜ ਨੂੰ ਸਲਾਮ ਕਰਨ ਲਈ ਹਰ ਮਸਤਕ ਕਿਵੇਂ ਝੁਕਿਆ ਹੋਏਗਾ।"

ਮੇਰੇ ਅੰਦਰ ਨਵਾਂ ਜੋਸ਼ ਬਿਜਲੀ ਵਾਂਗ ਕੌਂਧਿਆ। ਸੋਚਿਆ ਕਿ ਜੇ ਪਹਿਲਾ ਮਨੁਖ ਕਿਸੇ ਉਂਗਲ ਦੇ ਸਹਾਰੇ ਦੀ ਉਮੀਦ 'ਚ ਬੈਠਾ ਰਹਿੰਦਾ ਤਾਂ ਮਾਨਵਤਾ ਪੱਥਰ-ਯੁਗ ਤੋਂ ਅਗਾਂਹ ਇਕ ਕਦਮ ਵੀ ਨਹੀਂ ਸੀ ਪੁਟ ਸਕਦੀ। ਮੰਜਿਲ ਪ੍ਰਾਪਤੀ ਲਈ ਨਵਾਂ ਚਾਅ ਲੈਕੇ ਕੁਝ ਦਿਨ ਬਾਅਦ ਕੁਨੈਲ ਤੋਂ ਮੈਂ ਆਪਣੇ ਸ਼ਹਿਰ ਸਰ੍ਹੀ ਲਈ ਰਵਾਨਾ ਹੋ ਗਿਆ।

ਤੇਜ ਬੱਸ ਨੇ ਕੁਨੈਲ ਨੂੰ ਪਹਾੜੀਆਂ ਦੇ ਦਾਮਨ 'ਚ ਛਿਪਾ ਕੇ ਨਜਰੋਂ ਓਝਲ ਕਰ ਦਿਤਾ, ਪਰ ਹਰ ਸਾਹ ਨਾਲ ਨਵੀਂ ਭਾਵਨਾ ਦੇਣ ਵਾਲੇ ਬਾਈ ਦੇ ਇਸ ਅਧਸੁਤੇ ਸ਼ਹਿਰ ਲਈ ਵਾਰ ਵਾਰ ਦਿਮਾਗ 'ਚ ਆ ਰਿਹਾ ਸੀ। ਸ਼ੁਕਰੀਆ, ਕੁਨੈਲ !!

ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਕਾਰਜਕਾਰਨੀ ਨਾਮਜ਼ਦ

ਚੰਡੀਗੜ੍ਹ: ਪੰਜਾਬੀ ਲੇਖਕਾਂ ਦੀ ਪ੍ਰਤੀਨਿਧ ਜਥੇਬੰਦੀ — ਕੇਂਦਰੀ ਪੰਜਾਬੀ ਲੇਖਕ ਸਭਾ ਦੇ ਨਵੇਂ ਚੁਣੇ ਅਹੁਦੇਦਾਰਾਂ ਨੇ ਸਭਾ ਦੇ ਵਿਧਾਨ ਅਨੁਸਾਰ ਸ ਭਾ ਦੇ ਪ੍ਰਧਾਨ ਪ੍ਰੋਫੈਸਰ ਸੇਖੋਂ ਦੀ ਪ੍ਰਧਾਨਗੀ ਹੇਠ ਆਪਣੀ 14 ਜੁਲਾਈ ਨੂੰ ਲੁਧਿਆਣਾ ਵਿਚ ਹੋਈ ਪਹਿਲੀ ਮੀਟਿੰਗ ਵਿਚ ਕਾਰਜਕਾਰਨੀ ਲਈ ਹੇਠ ਲਿਖੇ 21 ਮੈਂਬਰ ਨਾਮਜ਼ਦ ਕੀਤੇ :

ਪ੍ਰੋ. ਪ੍ਰੀਤਮ ਸਿੰਘ, ਡਾ. ਰਘਬੀਰ ਸਿੰਘ, (ਕਰਮਵਾਰ ਸਾਬਕ ਪ੍ਰਧਾਨ ਤੋਂ ਜਨਰਲ ਸਕੱਤਰ) ਪ੍ਰੋ. ਸੁਰਿੰਦਰ ਸਿੰਘ ਨਰੂਲਾ, ਸ੍ਰੀ ਕੁਲਵੰਤ ਸਿੰਘ ਵਿਰਕ, ਸ੍ਰੀ ਜਗਜੀਤ ਸਿੰਘ ਅਨੰਦ, ਡਾ. ਅਤਰ ਸਿੰਘ , ਡਾ. ਰਾਵਿੰਦਰ ਰਵੀ, ਡਾ. ਗੁਰਬਖਸ਼ ਸਿੰਘ ਫਰੈਂਕ. ਡਾ, ਸਾਧੂ ਸਿੰਘ. ਸ੍ਰੀ ਹਰਭਜਨ ਹਲਵਾਰਵੀ., ਸ੍ਰੀ ਸੁਰਜੀਤ ਗਿਲ, ਸ੍ਰੀ ਸੰਤੋਖ ਸਿੰਘ ਧੀਰ, ਸ੍ਰੀ ਜਸਵੰਤ ਸਿੰਘ ਵਿਰਦੀ, ਸ੍ਰੀਮਤੀ ਬਲਜੀਤਦ ਕੌਰ ਬਲੀ, ਸ੍ਰੀ ਅਤਰਜੀਤ, ਸ੍ਰੀ ਰਾਮ ਲਾਲ ਪ੍ਰੇਮੀ, ਡਾ. ਪ੍ਰੀਤਮ ਸੈਨੀ, ਸ੍ਰੀ ਗੁਰਬਖਸ਼ ਸਿੰਘ ਬੰਠੂਆਣਾ, ਸ੍ਰੀ ਦੇਸ ਰਾਜ ਅਤੇ ਸ੍ਰੀ ਕਰਨੈਲ ਸਿੰਘ ਨਿੱਝਰ। ਰਾਜ ਭਾਸਾ ਵਿਭਾਗ ਦੇ ਡਾਇਰੈਕਟਰ ਸ੍ਰੀ ਰਾਜਿੰਦਰ ਸਿੰਘ ਭਸੀਨ ਨੂੰ ਵੀ ਕਾਰਜਕਾਰਨੀ ਲਈ ਨਾਮਜ਼ਦ ਕੀਤਾ ਗਿਆ।

ਇਨ੍ਹਾਂ ਤੋਂ ਉਪਰੰਤ ਉਨ੍ਹਾਂ ਸਰਗਰਮ ਲੇਖਕ ਸਭਾਵਾਂ ਵਿਚੋਂ ਜਿਨ੍ਹਾ ਦੀ ਕਾਰਜਕਾਰਨੀ ਵਿਚ ਪ੍ਰਤੀਨਿਧਤਾ ਨਹੀਂ ਹੋਈ, ਨਿਮੰਤਰਿਤ ਮੈਂਬਰ ਵੀ ਨਾਮਜ਼ਦ ਕੀਤੇ ਗਏ।

ਸਭਾ ਦੀ ਨਵੀਂ ਚੁਣੀ ਕਾਰਜਕਾਰਨੀ ਦੀ ਪਹਿਲੀ ਮੀਟਿੰਗ 28 ਜੁਲਾਈ ਨੂੰ ਪੰਜਾਬੀ ਭਵਨ ਲੁਧਿਆਣਾ ਵਿਖੇ ਹੋਣੀ ਨਿਸਚਤ ਹੋਈ।

(ਪੰਨਾ 6 ਦੀ ਬਾਕੀ)

ਜਦ ਅਜੋਕੇ ਸਮੇਂ ਦੀ ਹਿੰਦੋਸਤਾਨ ਦੀ ਜਾਲਮ ਸਰਕਾਰ ਨੇ ਬੇਕਸੂਰ ਸਿੱਖਾਂ ਨੂੰ ਆਪਣੇ ਕਹਿਰ ਦਾ ਸ਼ਿਕਾਰ ਬਣਾਇਆ, ਪੰਜਾਬ ਦੀ ਧਰਤੀ ਤੇ ਮਾਵਾਂ ਭੈਣਾਂ ਨੂੰ ਬੇਇਜ਼ਤ ਕੀਤਾ ਤਾਂ ਸਿਖ ਕੌਮ ਦੇ ਲੋਹ ਪੁਰਸ਼ (ਮੇਰੀ ਮਰਾਦ ਸੰਤ ਭਿੰਡਰਾਂਵਾਲੇ ਤੋਂ ਹੈ) ਨੇ ਸਰਕਾਰ ਦੇ ਕਹਿਰ ਦਾ ਮੁਕਾਬਲਾ ਕੀਤਾ। ਹਾਂ ਇਸ ਵਿਚ ਕੀ ਬੁਰਾਈ ਹੈ। ਅੱਜ ਸਿੱਖ ਕੌਮ ਦਾ ਬੱਚਾ ਬੱਚਾ (ਕਾਮਰੇਡਾਂ ਤੇ ਕਾਂਗਰਸੀਆਂ ਤੋਂ ਬਿਨਾਂ) ਉਸ ਲੋਹ-ਪੁਰਸ਼ ਦਾ ਰਿਣੀ ਹੈ।

ਇਸੇ ਹੀ ਇੰਟਰਵੀਊ ਵਿਚ ਤੁਸੀਂ ਇਹ ਵੀ ਕਿਹਾ ਕਿ ਪੰਜਾਬ ਦੀ ਧਰਤੀ ਤੇ ਸਿਖ ਕਲਚਰ ਨੂੰ ਕੋਈ ਖਤਰਾ ਨਹੀਂ। ਹਾਂ ਖਤਰਾ ਹੈ ਕਾਮਰੇਡ ਜੀ ! ਸਿਖ ਕਲਚਰ ਨੂੰ ਖਤਰਾ ਹੈ। ਫਰਕ ਸਿਰਫ ਦੇ[illegible] ਵਾਲੀ ਅੱਖ ਹੈ ਜੇ ਤੁਸੀਂ ਇਕ ਸਿਖ ਦੀ ਅੱਖ ਨਾਲ ਵੇਖੋ ਤਾਂ ਖਤਰਾ ਮਹਿਸੂਸ ਹੋਵੇਗਾ। ਸੰਤ ਭਿੰਡਰਾਂਵਾਲਾ ਤਾਂ ਸਿਰਫ ਅਕਾਲ ਤਖਤ ਤੇ ਹੀ ਸੀ ਨਾ ਬਾਕੀ ਪੰਜਾਬ ਦੇ ਇਤਿਹਾਸਕ ਗੁਰਦੁਆਰਿਆਂ ਤੇ ਫੌਜੀ ਹਮਲਾ, ਸਿਖ ਰੈਫਰੈਂਸ ਲਾਇਬਰੇਰੀ ਦਾ ਜਾਣ ਬੁਝ ਕੇ ਸਾੜਿਆ ਜਾਣਾ, ਹਜ਼ਾਰਾਂ ਦੀ ਗਿਣਤੀ ਵਿਚ ਸਿਖ ਨੌਜਵਾਨਾਂ ਨੂੰ ਮਾਰ ਮੁਕਾਉਣਾ, ਬਾਕੀ ਬਚਦਿਆਂ ਨੂੰ ਜੇਹਲਾਂ ਵਿਚ ਡੱਕ ਦੇਣਾ, ਪੰਜਾਬ ਦਾ ਹਰ ਪਿੰਡ ਫੌਜੀ ਛਾਉਣੀ ਵਿਚ ਬਦਲ ਦੇਣਾ ਕਾਲੇ ਕਾਨੂੰਨਾਂ ਦੀ ਓਟ ਲੈ ਕੇ ਸਿਖ ਨੌਜਵਾਨਾਂ ਨੂੰ ਸਜਾਵਾਂ ਦੇਣੀਆਂ, ਹਿੰਦੋਸਤਾਨ ਦੇ ਬਾਕੀ ਸੂਬਿਆਂ ਵਿਚ ਹਰ ਪੱਗ, ਦਾੜ੍ਹੀ ਵਾਲੇ ਦਾ ਕਤਲ ਅਤੇ ਇਹਨਾਂ ਦੇ ਹੀ ਕਾਰੋਬਾਰ ਨੂੰ ਨੁਕਸਾਨ ਪਚਾਉਣਾ। ਕੀ ਇਹ ਦੱਸੋਗੇ ਕਿ ਇਹ ਸਭ ਕੁਝ ਕਿਸ ਸਾਜ਼ਸ਼ ਅਧੀਨ ਹੋ ਰਿਹਾ ਹੈ।

ਗੁਰਸ਼ਰਨ ਸਿੰਘ ਜੀ ਇਕ ਸਿਖ ਦੀ ਹੈਸੀਅਤ ਵਿਚ ਨਾ ਸਹੀ ਇਕ ਇਨਸਾਨ ਦੀ ਹੈਸੀਅਤ ਵਿਚ ਹੀ ਇਸ ਫਿਰਕੂ ਸਰਕਾਰ ਵਲੋਂ ਸਿਖਾਂ ਤੇ ਹੋਏ ਅਣਮਨੁੱਖੀ ਜ਼ੁਲਮਾਂ ਦੀ ਕਹਾਣੀ ਕਨੇਡੀਅਨ ਲੋਕਾਂ ਨੂੰ ਦੱਸੋ। ਨਹੀਂ ਤਾਂ ਮੇਰੇ ਵਰਗੇ ਕਈ ਹੋਰ ਜਿਹਨਾਂ ਨੇ ਪਿਛਲੇ ਸਮੇਂ ਵਿਚ ਆਪ ਜੀ ਦਾ ਸਾਥ ਦਿਤੇ ਦਾ ਵਿਸ਼ਵਾਸ਼ ਆਪ ਤੋਂ ਉਠ ਜਾਵੇਗਾ।

ਆਪ ਦਾ
ਪਰਮਜੀਤ ਸਿੰਘ ਰੰਧਾਵਾ
ਸਾਬਕਾ ਪ੍ਰਧਾਨ ਪੰਜਾਬ ਸਟੂਡੈਂਟਸ ਯੂਨੀਅਨ ਤਰਨ ਤਾਰਨ ਪੱਟੀ,
ਜ਼ਿਲਾ ਅੰਮ੍ਰਿਤਸਰ

ਜਦ ਜੁਆਨ ਲੋਕ ਆਤਮ-ਹਤਿਆ ਬਾਰੇ ਸੋਚਦੇ ਹਨ

—ਜੋਗਿੰਦਰ ਸ਼ਮਸ਼ੇਰ

ਕੈਂਬਰਿਜ ਯੂਨੀਵਰਸਿਟੀ ਦੇ ਮੈਡੀਸਨ ਖੋਜ ਵਿਭਾਗ ਦੇ ਇਕ ਪ੍ਰੋਫੈਸਰ ਆਇਵਰ-ਮਿਲਜ ਨੇ ਬੜਾ ਉਦਾਸੀ ਭਰਿਆ ਇਹ ਬਿਆਨ ਦਿਤਾ ਹੈ ਕਿ ਨੌਜਵਾਨ ਲੋਕਾਂ ਵਿਚ ਆਤਮ ਹਤਿਆ ਦੇ ਯਤਨ ਅਜ ਵੀ ਵਡੀ ਮੈਡੀਕਲ ਬੀਮਾਰੀ ਹੈ।

ਉਹ ਦੇਸ਼ ਜਿਸ ਵਿਚ ਆਰਥਿਕ ਪ੍ਰਫੁਲਤਾ ਹੈ, ਸਮਾਜਿਕ ਬੰਧਨ ਬੜੇ ਘਟ ਹਨ। ਮਾਨਸਿਕ ਰੁਝੇਵਿਆਂ ਲਈ ਅਨੇਕਾਂ ਦਿਲਚਸਪੀਆਂ ਦੇ ਕੇਂਦਰ ਹਨ। ਵਿਚਾਰਾਂ ਦੇ ਪ੍ਰਵਾਹ ਲਈ ਅਨੇਕਾਂ ਸਾਧਨ ਹਨ, ਉਸ ਵਿਚ ਉਦਾਸੀ ਤੇ ਨਿਰਾਸ਼ਤਾ ਭਰਿਆ ਇਹ ਕਦਮ ਚੁਕਣਾ ਬੜੀ ਚਿੰਤਾ ਦਾ ਕਾਰਣ ਬਣ ਗਿਆ ਹੈ

ਪਰ ਇਹ ਨੌਜਵਾਨ ਲੋਕ ਹੀ ਕਿਉਂ ਆਤਮ-ਹਤਿਆ ਵਲ ਪਰੇਰ ਹੋ ਰਹੇ ਹਨ। ਪ੍ਰੋਫੈਸਰ ਮਿਲਜ਼ ਦਾ ਵਿਚਾਰ ਹੈ—

'ਮੇਰਾ ਵਿਸ਼ਵਾਸ਼ ਹੈ ਕਿ ਅਜ ਦੀ ਸੁਸਾਇਟੀ ਵਿਚ ਮੁਖੀ ਤੌਰ ਤੇ ਵਧੇਰੇ ਦਬਾਓ 16 ਤੋਂ 23 ਵਰੇ ਦੇ ਵਿਚ ਕਾਰ ਉਮਰ ਦੇ ਨੌਜਵਾਨ ਲੋਕਾਂ ਤੇ ਪੈ ਰਿਹਾ ਹੈ

19, 20 ਅਤੇ 21 ਉਹ ਖਤਰਨਾਕ ਸਾਲ ਹਨ, ਜਦੋਂ ਆਤਮ ਹਤਿਆ ਲਈ ਯਤਨ ਹੁੰਦੇ ਹਨ। ਮੁੰਡਿਆਂ ਨਾਲੋਂ ਕੁੜੀਆਂ ਇਹ ਯਤਨ ਵਧੇਰੇ ਕਰਦੀਆਂ ਹਨ। ਹਸਪਤਾਲਾਂ ਵਿਚ ਦਾਖਲ ਕੀਤੀਆਂ ਜਾਣ ਵਾਲੀਆਂ 20 ਸਾਲ ਉਮਰ ਦੀਆਂ ਕੁੜੀਆਂ ਵਿਚੋਂ 50ਫੀ ਸਦੀ ਆਤਮ ਹਤਿਆ ਦੇ ਯਤਨਾਂ ਵਾਲੀਆਂ ਹੁੰਦੀਆਂ ਹਨ।

ਇਹ ਗੱਲ ਇਸ ਨੁਕਤੇ ਵਲ ਹੀ ਧਿਆਨ ਦੁਆਉਂਦੀ ਹੈ ਕਿ ਕੁੜੀਆਂ ਵਿਚ ਕਿੰਨੀ ਆਤਮਕ ਭੁਖ ਵਧ ਰਹੀ ਹੈ। ਆਤਮ ਹਤਿਆ ਲਈ ਕੀਤੇ ਜਾ ਰਹੇ ਯਤਨਾਂ ਦੇ ਕਾਰਨਾਂ ਦੀ ਖੋਜ ਵਿਚ ਕਈ ਨੁਕਤੇ ਸਪੱਸ਼ਟ ਹੋਏ ਹਨ।

ਕੁੜੀਆਂ ਮੁੰਡਿਆਂ ਵਿਚ ਨਿਰਾਸ਼ਤਾ ਤੇ ਉਦਾਸੀ ਆਮ ਤੌਰ ਤੇ 16 ਸਾਲ ਦੀ ਉਮਰ ਤੋਂ ਸ਼ੁਰੂ ਹੁੰਦੀ ਹੈ, ਜਦੋਂ ਉਹ 'ਓ' ਲੈਵਲ ਦਾ ਇਮਤਿਹਾਨ ਦਿੰਦੇ ਹਨ। ਉਸ ਵਿਚ ਸਫਲਤਾ ਅਸਫਲਤਾ ਦੇ ਮਨ ਤੇ ਪ੍ਰਭਾਵ ਪੈਂਦਾ ਹੈ। ਇਹ ਯਤਨ ਫਿਰ 18 ਸਾਲ ਦੀ ਉਮਰ ਵਿਚ ਵੀ ਹੁੰਦੇ ਹਨ ਜਦੋਂ 'ਏ' ਲੈਵਲ ਦੀ ਪ੍ਰੀਖਿਆ ਦਾ ਸਮਾਂ ਆਉਂਦਾ ਹੈ।

ਤੇ ਜਿਹੜੇ ਨੌਜਵਾਨ ਅਗਾਂਹ ਵੀ ਵਿਦਿਆਰਥੀ ਰਹਿੰਦੇ ਹਨ, ਹਰ ਇਮਤਿਹਾਨ ਦੇ ਆਲੇ ਦੁਆਲੇ ਇਹ ਸਮਸਿਆ ਖੜੀ ਰਹਿੰਦੀ ਹੈ।

ਉਂਞ ਤਾਂ ਹਰ ਉਮਰ ਵਿਚ ਹੀ ਨਿਰਾਸਤਾ ਤੇ ਉਦਾਸੀ ਆਪਣਾ ਪ੍ਰਭਾਵ ਪਾਉਂਦੀਆਂ ਹਨ ਪਰ ਇਸ ਉਮਰ ਵਿਚ ਜਦ ਕਿ ਵਿਅਕਤੀਤਵ ਦਾ ਪੂਰਾ ਵਿਕਾਸ ਨਹੀਂ ਹੋਇਆ ਹੁੰਦਾ। ਨਿਰਾਸਤਾ ਦਾ ਦਬਾਓ ਸਹਿਣ ਔਖਾ ਹੋ ਜਾਂਦਾ ਹੈ

ਇਕਵਾਰਗੀ ਹੀ ਘਰੇਲੂ ਵਾਤਾਵਰਣ ਤੋਂ ਦੂਰ ਇਕਲੱਤਾ ਵਿਚ ਰਹਿ ਰਿਹਾ ਵਿਦਿਆਰਥੀ ਆਪਣੇ ਆਪ ਨੂੰ ਸਭ ਤੋਂ ਟੁਟਾ ਹੋਇਆ ਮਹਿਸੂਸ ਕਰਨ ਲੱਗ ਪੈਂਦਾ ਹੈ। ਉਸਨੂੰ ਆਪਣੀ ਯੋਗਤਾ ਤੇ ਪੂਰਾ ਵਿਸ਼ਵਾਸ਼ ਨਹੀਂ ਹੁੰਦਾ। ਸਨਅਤੀ ਦੇਸ਼ ਦੀ ਰੁਝੇਵੇਂ ਭਰੀ ਜ਼ਿੰਦਗੀ ਵਿਚ ਦੂਜਿਆਂ ਲਈ ਪਿਆਰ ਤੇ ਧਿਆਨ ਦਾ ਸਮਾਂ ਵੀ ਕਿਹਦੇ ਕੋਲ ਹੈ। ਵਿਦਿਆਰਥੀਆਂ ਨੂੰ ਮਿਲਣ ਵਾਲੀ ਗਰਾਂਟ ਦੀ ਰਕਮ ਦਾ ਨਾਕਾਫੀ ਹੋਣਾ ਵੀ ਇਸਦਾ ਇਕ ਕਾਰਨ ਮਿਥਿਆ ਜਾਂਦਾ ਹੈ। ਜਿਸ ਨਾਲ ਉਸਦਾ ਗੁਜ਼ਾਰਾ ਬਹੁਤ ਮੁਸ਼ਕਿਲ ਹੁੰਦਾ ਹੈ ਤੇ ਉਹ ਆਪਣੀਆਂ ਰੁਚੀਆਂ ਮੁਤਾਬਿਕ ਸ਼ੌਕਾਂ ਨੂੰ ਮਾਲੀ ਪਖ ਵਜੋਂ ਪੂਰਾ ਨਹੀਂ ਕਰ ਸਕਦਾ।

ਵਿਦਿਆਰਥੀ ਨੂੰ ਇਹ ਅਹਿਸਾਸ ਵੀ ਹੁੰਦਾ ਹੈ ਕਿ ਜ਼ਿੰਦਗੀ ਵਿਚ ਡਗਰੀ ਲੈਣ ਨਾਲ ਹੀ ਇਕ ਸੋਹਣੀ ਜ਼ਿੰਦਗੀ ਦੇ ਦਰਵਾਜੇ ਉਸ ਲਈ ਖੁਲ੍ਹਣਗੇ ਤੇ ਜ਼ਿੰਦਗੀ ਦਾ ਇਹੋ ਸਮਾਂ ਸੁਨਹਿਰੀ ਹੈ, ਜਦੋਂ ਉਹ ਕੁਝ ਕਰ ਸਕਦਾ ਹੈ।

ਉਸ ਦੇ ਦਿਮਾਗ ਵਿਚ ਇਹ ਵੀ ਬੈਠ ਜਾਂਦਾ ਹੈ ਕਿ ਉਸ ਦੇ ਫੇਲ ਹੋਣ ਨਾਲ, ਨਾਂ ਸਿਰਫ ਉਸਦਾ ਆਪਣਾ ਭਵਿਖਤ ਹੀ ਹਨੇਰਾ ਹੋ ਜਾਏਗਾ, ਸਗੋਂ ਉਸਦੇ ਪ੍ਰੀਵਾਰ ਦੀਆਂ ਆਸਾਂ ਤੇ ਵੀ ਪਾਣੀ ਫਿਰ ਜਾਏਗਾ।

ਉਹ ਇਸ ਸਾਰੇ ਅਹਿਸਾਸ ਆਤਮ ਹਤਿਆ ਵਿਚ ਹੀ ਆਪਣੀ ਮੁਕਤੀ ਸਮਝਦਾ ਹੈ।

ਜ਼ਿੰਦਗੀ ਦੇ ਯਥਾਰਥ ਤੋਂ ਦੂਰ, ਸੁਪਨਿਆਂ ਦੀ ਦੁਨੀਆਂ ਵਿਚ ਵਸਣ ਵਾਲੇ ਨੌਜਵਾਨ ਨਿਰਾਸ਼ਤਾ ਦਾ ਵਧੇਰੇ ਸ਼ਿਕਾਰ ਹੁੰਦੇ ਹਨ। ਮਾਪਿਆਂ ਦੇ ਪਿਆਰ ਤੋਂ ਵਾਂਝੇ, ਇਕ ਨਾਕਾਮੀ ਤੋਂ ਬਾਅਦ ਦੂਜੀ ਨਾਕਾਮੀ ਦੀ ਪ੍ਰਾਪਤੀ ਵਾਲੇ, ਬੇਸਹਾਰੇ ਜ਼ਿੰਦਗੀ ਦੀਆਂ ਔਖਿਆਈਆਂ ਤੋਂ ਘਬਰਾ ਜਾਂਦੇ ਹਨ।

ਨਿਰਾਸ਼ਤਾ ਦਾ ਇਹ ਪ੍ਰਵੇਸ਼ ਹੌਲੀ ਹੌਲੀ ਅਸਰ ਕਰਦਾ ਹੈ। ਉਨੀਂਦਰਾ ਇਸ ਤੇ ਬੜਾ ਅਸਰ ਕਰਦਾ ਹੈ ਖਾਸ ਕਰਕੇ ਜੇ ਸਵੇਰੇ ਤੜਕੇ ਤਿੰਨ ਵਜੇ ਜਾਗ ਖੁਲ੍ਹ ਜਾਵੇ ਮਾਨਸਿਕ ਇਕਲਤਾ ਤੋਂ ਬਿਨਾਂ ਇਸ ਵੇਲੇ ਸਰੀਰਕ ਇਕਲਤਾ ਦਾ ਅਹਿਸਾਸ ਵੀ ਹੁੰਦਾ ਹੈ, ਕਈ ਵਾਰੀ ਬੜੇ ਅਜੀਬ ਭੁਲੇਖੇ ਪੈਂਦੇ ਹਨ। ਆਕਸੀਜਨ ਦੀ ਘਾਟ ਕਰਕੇ ਸਿਰ ਦਰਦ ਹੁੰਦੀ ਰਹਿੰਦੀ ਹੈ, ਪਰ ਉਹ ਕੋਈ ਹੋਰ ਬਿਮਾਰੀ ਸਮਝ ਲੈਂਦੇ ਹਨ। ਬਦਹਜ਼ਮੀ ਨਾਲ ਦਰਦ ਨੂੰ ਕੈਂਸਰ ਬਣਾ ਬਹਿੰਦੇ ਹਨ।

ਆਪਣੇ ਬਾਰੇ ਪੂਰਾ ਨਿਰਨਾ ਨਾਂ ਕਰਨ ਦੀ ਘਾਟ ਬਹੁਤ ਖਤਰਨਾਕ ਕਮਜ਼ੋਰੀ ਹੈ— ਜੋ ਇਨ੍ਹਾਂ ਨੂੰ ਮੁਢਲੀ ਸਟੇਜ ਤੇ ਕਿਸੇ ਤੋਂ ਸਲਾਹ ਲੈਣ ਦੇ ਰਾਹ ਵਿਚ ਰੁਕਾਵਟ ਹੈ।

ਮਨ ਦੀ ਗੱਲ ਕਰਨ ਵਿਚ ਸੰਗਾਊਂ ਪੁਣਾ ਹੌਂਸਲੇ ਦੀ ਘਾਟ, ਇਸ ਮਾਨਸਿਕ ਰੋਗ ਨੂੰ ਇਸ ਹਦ ਤੀਕਰ ਲੈ ਜਾਂਦੀ ਹੈ, ਜਦੋਂ ਬਿਲਕੁਲ ਬੇਬਸੀ ਆਪਣੀ ਜਕੜ ਵਿਚ ਲੈ ਲੈਂਦੀ ਹੈ। ਡਾਕਟਰ ਦੀ ਰਾਏ ਹੈ।

'ਕਿ ਜਦ ਵੀ ਤੁਸੀਂ ਇਸ ਪੱਧਰ ਤੇ ਪਹੁੰਚ ਜਾਵੋ, ਕਿ ਤੁਸੀਂ ਆਪਣੇ ਆਪ ਨੂੰ ਵਿਅਰਥ ਸਮਝਣ ਲਗ ਪਏ ਹੋ, ਤੁਹਾਨੂੰ ਤੁਹਾਡੀ ਹੋਂਦ ਨਾਂ ਹੋਇਆਂ ਵਰਗੀ ਲਗਣ ਲਗ ਪਈ ਹੈ, ਹੌਂਸਲੇ ਤੋਂ ਕੰਮ ਲਵੋ, ਤੇ ਛੇਤੀ ਆਪਣੇ ਡਾਕਟਰ ਨੂੰ ਸਾਰੀ ਗੱਲ ਦਸੋ।

ਆਪਣੇ ਆਪ ਨੂੰ ਕਦੀ ਇਕੱਲੇ ਮਹਿਸੂਸ ਨਾ ਕਰੋ, ਉਦਾਸੀ ਤੇ ਨਿਰਾਸ਼ਤਾ ਦੀਆਂ ਘੜੀਆਂ ਧੁਪ ਛਾਂ ਵਾਂਗ ਲੰਘ ਜਾਂਦੀਆਂ ਹਨ। ਚੰਗੀ ਤੇ ਦਿਲਚਸਪ ਜ਼ਿੰਦਗੀ ਦੇ ਕਈ ਰਾਹ ਤੁਹਾਡੇ ਪੈਰਾਂ ਦੀ ਉਡੀਕ ਕਰ ਰਹੇ ਹਨ।

ਆਤਮ ਹੱਤਿਆ ਦੀ ਇਛਿਆ ਦਾ ਉਪਜਣਾ ਇਕ ਖਤਰਨਾਕ ਬਿਮਾਰੀ ਹੈ, ਪਰ ਐਸੀ ਬੀਮਾਰੀ, ਜਿਸਦਾ ਪੂਰੀ ਤਰ੍ਹਾਂ ਇਲਾਜ ਹੋ ਸਕਦਾ ਹੈ।

ਇਨਸਾਨੀਅਤ

ਹਰਜਿੰਦਰ ਮੀਤ

ਉਹ ਗੱਡੀ ਦੇ ਜਿਸ ਡੱਬੇ 'ਚ ਸਵਾਰ ਹੋਇਆ ਉਸ ਵਿਚ ਇਕ ਹਿੰਦੂ ਅਤੇ ਇਕ ਸਿੱਖ ਲੜਨ ਵਾਲੀ ਮੁਦਰਾ 'ਚ ਬਹਿਸਦੇ ਹੋਏ ਇਕ ਦੂਜੇ ਨੂੰ ਗਲਤ ਸਾਬਿਤ ਕਰਨ ਲਈ ਜ਼ੋਰ ਲਾ ਰਹੇ ਸਨ। ਉਨ੍ਹਾਂ ਨੂੰ ਦੇਖਦੇ ਹੋਏ ਇਉਂ ਲਗਦਾ ਸੀ ਜਿਵੇਂ ਉਹ ਇਕ ਦੂਜੇ 'ਤੇ ਟੁੱਟ ਪੈਣ ਲਈ ਕੋਈ ਆਸਰਾ ਭਾਲ ਰਹੇ ਹੋਣ।

ਉਹ ਦੀ ਵਧੀ ਹੋਈ ਦਾੜ੍ਹੀ ਅਤੇ ਕੱਟੇ ਹੋਏ ਵਾਲ ਦੇਖ ਕੇ [illegible] ਅੱਖਾਂ ਚਮਕ ਉਠੀਆਂ।

"ਬਾਈ ਤਾਂ ਸਿੱਖ ਲਗਦਾ।" ਬੈਠਦਿਆਂ ਹੀ ਉਸ ਨੂੰ ਸਵਾਲ ਹੋਇਆ।

"ਨਹੀਂ ...।" ਕਹਿ ਕੇ ਉਹ ਖਾਮੋਸ਼ ਹੋ ਗਿਆ।

"ਤਾਂ ਫੇਰ ਜ਼ਰੂਰ ਸਾਂਡਾ ਹਿੰਦੂ ਭਰਾ ਹੋਵੇਗਾ।"

"ਨਹੀਂ ... ਮੈਂ ਸਿਰਫ ਆਦਮੀ ਹਾਂ।"

ਡੱਬੇ 'ਚ ਇਕ ਬੋਝਲ ਜਿਹੀ ਖਾਮੋਸ਼ੀ ਤੈਰ ਗਈ।

ਸਾਮਰਾਜੀ ਕੂਟਲਨੀਤੀ ਅਤੇ ਭਾਰਤ

—'ਸੂਫੀ' ਅਮਰਜੀਤ

ਸੰਸਾਰ ਵਿਚ ਜਿਥੇ ਵੀ ਕਿਧਰੇ ਲੋਕ ਹਿੱਤਾਂ ਵਿਚ ਤਬਦੀਲੀ ਹੋਣ ਦੀ ਸੰਭਾਵਨਾ ਹੁੰਦੀ ਹੈ ਜਾਂ ਜਿਥੇ ਵੀ ਕਿਧਰੇ ਲੁਟੇਰੀਆਂ ਹਾਕਮ ਜਮਾਤਾਂ ਸੰਕਟ ਵਿਚ ਫਸੀਆਂ ਹੋਣ, ਸਾਮਰਾਜ ਉਨ੍ਹਾਂ ਦੇਸ਼ਾਂ ਵਿਚ ਆਪਣੇ ਸਾਰੇ ਸੂਖਮ ਅਤੇ ਸਥੂਲ ਸਾਧਨਾਂ ਦੁਆਰਾ ਲੋਕਾਂ ਵਿਚ ਪਾੜੇ, ਫਸਾਦ ਅਤੇ ਕਤਲੋ ਗਾਰਤ ਤੱਕ ਦੇ ਹਾਲਾਤ ਪੈਦਾ ਕਰਨ ਵਿਚ ਉਕਾ ਹੀ ਕੁਤਾਹੀ ਨਹੀਂ ਕਰਦਾ।

ਭਾਵੇਂ ਅੱਜ ਸੰਸਾਰ ਸਾਮਰਾਜ ਦਾ ਮੁਖੀ ਅਮਰੀਕਾ ਹੈ, ਜੋ ਅੱਜ ਸੰਸਾਰ ਵਿਚ ਮੋਹਰੇ ਹੋਕੇ ਹਰ ਗੈਰ ਜਮਹੂਰੀ ਅਤੇ ਗੈਰਮਨੁਖੀ ਅਸੱਭਿਆ ਕਿਸਮ ਦਾ ਹਰ ਘਟੀਆ ਕੰਮ ਢੀਠਤਾਈ ਤੇ ਨਿੱਝਕਤਾ ਨਾਲ ਕਰਦਾ ਹੈ, ਪਰੰਤੂ ਮਾਂਦ ਪੈ ਚੁੱਕੀਆਂ ਸਾਮਰਾਜੀ ਤਾਕਤਾਂ ਆਪਣੇ ਵਸੀਲਿਆਂ ਅਤੇ ਆਪਣੀ ਪਹੁੰਚ ਦੁਆਰਾ ਕੋਈ ਲੋਕ ਵਿਰੋਧੀ ਕਦਮ ਚੁੱਕਣ ਤੋਂ ਪਿਛੇ ਨਹੀਂ ਰਹਿੰਦੀਆਂ। ਉਹ ਭਾਵੇਂ ਫਰਾਂਸ ਹੋਵੇ ਜਾਂ ਇੰਗਲੈਂਡ, ਪੱਛਮੀ ਜਰਮਨੀ ਹੋਵੇ ਜਾਂ ਇਨ੍ਹਾਂ ਦੇ ਨੇੜਲੇ ਭਿਆਲ ਇਟਲੀ, ਬੈਲ਼ੀਅਮ ਜਾਂ ਜਾਪਾਨ ਆਦਿ ਹੋਣ।

ਪਿਛਲੇ ਕੁਝ ਸਮੇਂ ਤੋਂ ਸਾਮਰਾਜ ਨੇ ਫੌਜੀ ਡਿਕਟੇਟਰਾਂ ਨੂੰ ਸੰਬੰਧਿਤ ਲੋਕਾਂ ਉਪਰ ਠੋਸਣ ਦਾ ਬਦਨਾਮ ਹੋ ਚੁੱਕਿਆ ਧੰਦਾ, ਭਾਵੇਂ ਜ਼ਰਾ ਰੋਕਿਆ ਹੋਇਆ, ਪਰ ਜੇ ਲੋੜ ਪਵੇ ਤਾਂ ਇਸ ਕਰ ਗੁਜ਼ਰਨ ਤੋਂ ਵੀ ਪਰਹੇਜ਼ ਨਹੀਂ ਕੀਤੀ ਹੋਈ। ਉਸ ਨੇ ਪਹਿਲੇ ਫੌਜੀ ਡਿਕਟੇਟਰਾਂ ਨੂੰ ਚੰਗੇ ਸਾਊ ਹੋਣ ਦੇ ਸਰਟੀਫੀਕੇਟ ਦੇ ਕੇ ਜਾਂ ਜਬਰ ਦੇ ਸਾਏ ਹੇਠ ਕਰਵਾਈਆਂ ਚੋਣਾਂ ਨਾਲ ਫੌਜੀ ਜਮਹੂਰੀਅਤਾਂ ਦਾ ਰੂਪ ਧਾਰਨ ਤੇ ਤਸੱਲੀ ਕਰ ਲਈ ਹੈ।

ਸਾਮਰਾਜੀਆਂ ਹੁਣ ਇਕ ਨਵੀਂ ਨੀਤੀ ਧਾਰਨ ਕਰ ਲਈ ਹੈ, ਜਿਸ ਨਾਲ ਉਨ੍ਹਾਂ ਸਿੱਧੇ ਇਲਜ਼ਾਮ ਤੋਂ ਬਚਣ ਦਾ ਇਕ ਤਰ੍ਹਾਂ ਪ੍ਰਬੰਧ ਕਰ ਲਿਆ ਹੈ। ਇਹ ਹੈ ਤੀਜੇ ਸੰਸਾਰ ਦੇ ਦੇਸ਼ਾਂ ਵਿਚ ਖਿਰਾਇਤੀ ਅਦਾਰਿਆਂ ਦਾ ਜਾਲ। ਇਸ ਦੀਆਂ ਕਾਰਵਾਈਆਂ ਬਹੁ-ਪੱਖੀ ਹਨ। ਇਸ ਸਾਜਸ਼ੀ ਯੋਜਨਾ ਦੇ ਤਹਿਤ ਵਖੋ ਵਖ ਰੂਪਾਂ ਦੇ ਅਦਾਰੇ ਖੜ੍ਹੇ ਕੀਤੇ ਜਾਂਦੇ ਹਨ ਜੋ ਆਖਣ ਨੂੰ ਤਾਂ ਇਕ ਖਾਸ ਦਾਇਰੇ ਵਿਚ ਸਮਾਜ ਭਲਾਈ ਦਾ ਕੰਮ ਕਰਦੇ ਹਨ, ਜਿਨ੍ਹਾਂ ਨੂੰ ਇਸ ਦੇ ਕੰਮ ਦੇ ਜੋਗੇ ਦੇ ਹੇਠ ਖੁਲ੍ਹੇ ਧਨ ਦੇ ਗੱਫੇ ਵਰਤਾਏ ਜਾਂਦੇ ਹਨ, ਜੋ ਲੋਕਾਂ ਨੂੰ ਉਨ੍ਹਾ ਦੇ ਆਪਸੀ ਵਿਰੋਧਾਂ ਨੂੰ ਉਕਸਾ ਕੇ ਆਪਸੀ ਝਗੜੇ ਲੜਾਈਆਂ ਕਰਵਾ ਰਹੇ ਹਨ। ਇਹ ਅਗਾਂਹ ਵਧੂ ਲਹਿਰ ਅਤੇ ਆਮ ਲੋਕਾਂ ਲਈ ਤਬਾਹ ਕੁੰਨ ਹਾਲਤ ਪੈਦਾ ਕਰ ਰਹੇ ਹਨ, ਜੋ ਸਾਮਰਾਜ ਅਤੇ ਸੰਬੰਧਿਤ ਦੇਸ਼ ਦੀਆਂ ਹਾਕਮ ਜਮਾਤਾਂ ਦੇ ਹਿੱਤਾਂ ਦੇ ਅਨੁਕੂਲ ਹੈ।

ਧਾਰਮਿਕ ਖਿਚਾ ਪੈਦਾ ਕਰਨਾ ਅਤੇ ਧਾਰਮਿਕ ਕੁਘੜਿਆਂ ਨੂੰ ਉਭਾਰਨਾ ਸਾਮਰਾਜ ਦਾ ਪੁਰਾਣਾ ਅਜਮਾਇਸ਼ੀ ਤਜਰਬਾ ਹੈ। ਇਸ ਖੇਤਰ ਵਿਚ ਇਸ ਨੂੰ ਹਾਰ ਖਾਣ ਦੀ ਬੜੀ ਘਟ ਗੁੰਜਾਇਸ਼ ਹੈ। ਕਿਉਂਕਿ ਤੀਜੇ ਸੰਸਾਰ ਦੇ ਦੇਸ਼ਾਂ ਵਿਚ ਅਨਪੜ੍ਹਤਾ ਅਤੇ ਸਭਿਆਚਾਰਕ ਪਛੜੇਵਾਂ ਬੜਾ ਹੀ ਹੈ, ਜੋ ਇਸ ਲਈ ਉਪਜਾਊ ਧਰਤੀ ਦਾ ਕੰਮ ਦਿੰਦਾ ਹੈ।

ਸਾਮਰਾਜੀਆਂ ਨੇ ਪਿਛਲੇ ਕੁਝ ਸਮੇਂ ਵਿਚ ਇਸ ਖੇਤਰ ਵੱਲ ਉਚੇਚਾ ਧਿਆਨ ਦਿਤਾ ਹੈ, ਸ਼ਾਇਦ ਇਨ੍ਹਾਂ ਸ਼ਾਹ ਈਰਾਨ ਉਪਰ ਖੁਮਿਆਨੀ ਦੀ ਜਿੱਤ ਨੂੰ, ਆਪਣੇ ਲਈ ਵਰਤਨ ਦੇ ਲਈ ਨਮੂਨਾ ਬਣਾ ਲਿਆ ਹੈ ਕਿ ਧਾਰਮਿਕ ਕਟੜਪੰਥੀ ਪੁਣਾ ਜਮਹੂਰੀ ਲਹਿਰ ਲਈ ਘਾਤਕ ਸਿੱਧ ਹੋਕੇ, ਪੁਰਾਣੇ ਸਮਾਜੀ ਰਿਸ਼ਤਿਆਂ ਨੂੰ ਬਹਾਲ ਰੱਖਦਾ ਹੈ।

ਇਹ ਐਵੇਂ ਨਹੀਂ ਹੋਇਆ ਕਿ ਲਿਬਨਾਨ ਦੀ ਈਸਾਈ ਜੱਥੇਬੰਦੀ ਫਾਲਗਨਿਸਟ ਦਾ ਸਾਰਾ ਜ਼ੋਰ ਪਹਿਲਾਂ ਫਿਲਸਤੀਨੀਆਂ ਵਿਰੁਧ ਲੱਗਾ ਹੋਇਆ ਸੀ। ਹੁਣ ਉਹ ਜ਼ਰਾ ਪਿਛੇ ਹਟ ਗਈ। ਹੁਣ ਫਿਲਸਤੀਨੀ ਕੈਂਪਾਂ ਪਰ ਹਮਲੇ, ਉਨ੍ਹਾਂ ਦੇ ਸਹਿਧਰਮੀ ਸ਼ਈਆ ਮੁਸਲਮ ਗੋਰਹਾਂ ਨੇ ਕੀਤੇ। ਸ੍ਰੀ ਲੰਕਾ ਵਿਚ ਜਿਥੇ ਤਾਮਲਾਂ ਦੇ ਸਨਿਹਾਲੀਆਂ ਨਾਲ ਫਿਰਕੂ ਫਸਾਦ ਹੋ ਰਹੇ ਸਨ, ਉਥੇ ਤਾਮਲਾਂ ਦੇ ਹੀ ਦੋ ਭਾਗਾਂ, ਹਿੰਦੂ ਤਾਮਲ ਲੋਕਾਂ ਦੇ ਮੁਸਲਮ ਤਾਮਲ ਲੋਕਾਂ ਨਾਲ ਫਸਾਦ ਭੜਕੇ। ਪਾਕਿਸਤਾਨ ਵਿਚ ਕਿਰਾਚੀ ਵਿਚ ਜਿਥੇ ਸਿੰਧੀ ਲੋਕਾਂ ਦੀ ਜ਼ਿਆ ਉਲ ਹੱਕ ਦੀ ਫੌਜੀ ਹਕੂਮਤ ਵਿਰੁਧ ਜ਼ੋਰਦਾਰ ਮੁਜ਼ਾਹਮਤ ਸੀ, ਉਥੇ ਸ਼ਈਆ ਅਤੇ ਸ਼ੁੰਨੀਆਂ ਵਿਚਕਾਰ ਹੋਏ ਹਨ, ਇਵੇਂ ਹੀ ਕੋਟੇ ਵਿਖੇ ਹੋਇਆ ਹੈ।

ਭਾਰਤ ਵਿਚ ਪਿਛਲੇ ਕੁਝ ਸਾਲਾਂ ਵਿਚ ਸਾਮਰਾਜ ਵਲੋਂ ਅਨੇਕਾਂ ਨਿਕੀਆਂ ਵੱਡੀਆਂ ਜਥੇਬੰਦੀਆਂ ਨੂੰ, ਆਪਣੇ ਏਜੰਟਾਂ ਦੇ ਤੌਰ ਤੇ ਵਰਤਿਆ ਜਾ ਰਿਹਾ ਹੈ। ਜਿਨ੍ਹਾਂ ਵਿਚ ਕਈਆਂ ਦੇ ਚਰਚੇ ਤਾਂ ਕੌਮੀ ਪ੍ਰੈਸ ਵਿਚ ਅਤੇ ਰਾਜਨੀਤਕ ਬਹਿਸਾਂ ਵਿਚ ਖੁਲ੍ਹੇ ਆਮ ਹੁੰਦੇ ਹਨ।

ਪੰਜਾਬ ਵਿਚ ਜੋ ਮੋਰਚਾ ਅਕਾਲੀ ਦਲ ਵਲੋਂ ਲਾਇਆ ਗਿਆ ਸੀ, ਉਸ ਵਿਚ ਸਾਮਰਾਜੀਆਂ ਦੇ ਏਜੰਟਾਂ ਨੇ ਅਜਿਹੇ ਢੰਗ ਨਾਲ ਵੜ ਕੇ ਕੰਟਰੋਲ ਕਰ ਲਿਆ ਕਿ ਅਕਾਲੀ ਲੀਡਰਸ਼ਿਪ ਉਸ ਦੇ ਜਾਲ ਵਿਚ ਫਸ ਕੇ ਬੇਬਸ ਹੋਕੇ ਰਹਿ ਗਈ। ਪੰਜਾਬ ਵਿਚ ਦੇ ਇਨ੍ਹਾਂ ਅੱਤਵਾਦੀ ਤੱਤਾਂ ਦਾ ਸਾਰਾ ਜ਼ੋਰ ਪੰਜਾਬ ਵਿਚ ਫਿਰਕੂ ਫਸਾਦ ਭੜਕਾਉਣ ਉਪਰ ਲੱਗਾ ਹੋਇਆ ਸੀ ਜੋ ਜਮਹੂਰੀ ਸ਼ਕਤੀਆਂ ਦੀ ਅਣਥੱਕ ਮਿਹਨਤ ਨੇ ਅਤੇ ਜੋ ਪੰਜਾਬੀਆਂ ਨੇ ਸਦਭਾਵਨਾ ਦੀਆਂ ਪੁਰਾਣੀਆਂ ਰਵਾਇਤਾਂ ਨੂੰ ਕਾਇਮ ਰੱਖ ਕੇ, ਸਾਮਰਾਜੀਆਂ ਅਤੇ ਉਨ੍ਹਾਂ ਦੇ ਏਜੰਟਾਂ ਦੇ ਮਨਸੂਬੇ ਫੇਲ ਕਰ ਵਿਖਾਏ। ਪ੍ਰੰਤੂ ਇੰਦਰਾ ਦੇ ਕਤਲ ਹੋ ਜਾਣ ਤੋਂ ਮਗਰੋਂ, ਜਿਵੇਂ ਸਰਕਾਰੀ ਮਸ਼ੀਨੀਰੀ ਵਿਚ ਬੈਠੇ ਅਤੇ ਸਰਕਾਰੀ ਪਾਰਟੀ ਦੇ ਉਚੇ ਅਹੁਦਿਆਂ ਦੇ ਕਈ ਲੋਕਾਂ ਨੇ, ਸਾਮਰਾਜੀਆਂ ਦੇ ਮਨਸੂਬਿਆਂ ਨੂੰ ਨੇਪਰੇ ਚਾੜ੍ਹਦਿਆਂ, ਜਿਵੇਂ ਇਕ ਧਰਮ ਦੇ ਲੋਕਾਂ ਉਪਰ ਦਿਲੀ ਅਤੇ ਹੋਰ ਥਾਵਾਂ ਉਪਰ ਵਿਉਂਤਬੰਦ ਲੁਟ-ਮਾਰ, ਸਾੜ-ਫੂਕ ਅਤੇ ਗੁੰਡਾ ਗਰਦੀ ਕਰਦਿਆਂ ਹਮਲੇ ਕੀਤੇ, ਜਿਸ ਨਾਲ ਹਜ਼ਾਰਾਂ ਬੇਗੁਨਾਹਾਂ ਲੋਕ ਮਾਰੇ ਗਏ, ਵੀ ਹਿੰਦੂ-ਸਿੱਖਾਂ ਵਿਚਕਾਰ ਫਿਰਕੂ ਫਸਾਦ ਕਰਵਾਉਣ ਵਿਚ ਕਾਮਯਾਬ ਨਾ ਹੋ ਸਕੇ। ਭਾਵੇਂ ਕਿ ਇਸ ਨਾਲ ਲੋਕਾਂ ਦੇ ਮਨਾਂ ਵਿਚ ਭੈ ਅਤੇ ਫਰਕ ਦੇ ਬੀਜ ਫਿਰ ਵੀ ਬੀਜੇ ਗਏ, ਜਿਨ੍ਹਾਂ ਨੂੰ ਨਾਸ਼ ਕਰਨਾ ਬੜਾ ਜ਼ਰੂਰੀ ਹੈ।

ਇਸ ਹਾਲਤ ਨੂੰ ਪੈਦਾ ਕਰਨ ਲਈ ਜਿਥੇ ਪੰਜਾਬੀਆਂ ਦੀਆਂ ਮੰਗਾਂ ਨਾ ਮੰਨ ਕੇ ਕੇਂਦਰੀ ਸਰਕਾਰ ਨੇ ਗੈਰ ਜ਼ਿੰਮੇਦਾਰੀ ਦਾ ਸਬੂਤ ਦਿਤਾ ਹੈ, ਉਥੇ ਸਾਮਰਾਜੀਆਂ ਦਾ ਹੱਥ, ਇਸ ਸਾਰੇ ਦੁਖਦਾਈ ਵਾਤਾਵਰਨ ਦੇ ਪਿਛੇ ਦੇਖ ਸਕਣਾ ਕਿਸੇ ਬਾਹੋਸ਼ ਇਨਸਾਨ ਨੂੰ ਮੁਸ਼ਕਲ ਨਹੀਂ ਹੈ।

ਪੰਜਾਬ ਦੇ ਸੰਕਟ ਤੋਂ ਪਹਿਲਾਂ, ਆਸਾਮ, ਉਸ ਤੋਂ ਪਹਿਲਾਂ ਨਾਗਾਲੈਂਡ, ਮੀਜ਼ੋਰਾਮ, ਉਸ ਤੋਂ ਪਹਿਲਾਂ ਤਾਮਲਨਾਡੂ, ਉਸ ਤੋਂ ਪਹਿਲਾਂ ਮਹਾਂਰਾਸ਼ਟਰ ਵਿਚ ਸ਼ਿਵਸੈਨਾ ਦੀ 'ਧਰਤੀ ਦੇ ਜਾਇਆ' ਦੀ ਫਿਰਕੂ ਮੁਹਿੰਮ ਅਤੇ ਹੁਣ ਗੁਜ਼ਰਾਤ ਵਿਚ ਹਰੀਜਨਾਂ ਵਿਰੁਧ ਲਹਿਰ, ਜੋ ਅਹਿਮਦਾਬਾਦ ਵਿਚ ਫਿਰਕੂ ਫਸਾਦਾਂ ਦਾ ਰੂਪ ਵੀ ਧਾਰਨ ਕਰ ਗਈ ਹੈ।

ਕੀ ਇਹ ਸਭ ਕੁਝ ਆਪਣੇ ਆਪ ਹੀ ਛਿੜ ਪਿਆ ਹੈ? ਨਹੀਂ, ਇਸ ਸਭ ਕੁਝ ਦੇ ਵਾਪਰਨ ਦੇ ਕਾਰਨਾਂ ਦੇ ਦੋ ਸਿਰੇ ਹਨ, ਜਿਸ ਦਾ ਇਕ ਲੜ ਭਾਰਤ ਦੀਆਂ ਹਾਕਮ ਜਮਾਤਾਂ ਦੇ ਹੱਥ ਹੈ ਅਤੇ ਦੂਜਾ ਸਾਮਰਾਜ ਦੇ ਤੰਦੂਆ ਜਾਲ ਨਾਲ ਜੁੜਿਆ ਹੋਇਆ ਹੈ।

ਇਸ ਸਭ ਕੁਝ ਦਾ ਮਨੋਰਥ ਕੀ ਹੈ? ਮੁਖ ਮਨੋਰਥ ਭਾਰਤ ਵਿਚ ਕਿਸੇ ਲੋਕ ਪੱਖੀ ਤਬਦੀਲੀ ਨੂੰ ਰੋਕਣਾ ਹੈ। ਹਾਕਮ ਜਮਾਤਾਂ ਦੀ ਜਕੜ ਨੂੰ ਜਾਰੀ ਰੱਖਣਾ ਹੈ, ਜੇ ਉਹ ਜਕੜ ਕਾਇਮ ਨਾ ਰੱਖ ਸਕਣ ਤਾਂ ਮੁਲਕ ਨੂੰ ਟੁਕੜਿਆਂ ਵਿਚ ਵੰਡਣਾ ਹੈ। ਕੋਰੀਆ, ਜਰਮਨੀ, ਯਮਨ ਅਤੇ ਆਇਰਲੈਂਡ ਵਾਂਗੂੰ ਜਾਂ ਜਿਵੇਂ ਇਕ ਹੋਣ ਤੋਂ ਪਹਿਲਾਂ ਵੀਅਤਨਾਮ ਸੀ। ਜਿਥੇ ਸਾਮਰਾਜ ਨੂੰ ਆਪਣੀ ਮਨਭਾਉਂਦੀ ਖੇਲ ਖੇਲਣ ਦਾ ਖੁੱਲਾ ਮੌਕਾ ਮਿਲ ਸਕੇ।

ਸਾਮਰਾਜ ਅਜਿਹਾ ਕਿਉਂ ਲੋਚਦਾ ਹੈ? ਕਿਉਂਕਿ ਉਸ ਨੂੰ ਪਤਾ ਹੈ ਕਿ ਜੇ ਭਾਰਤ ਵਿਚ ਲੋਕ ਹਿੱਤਾਂ ਦੇ ਪੱਖ ਵਿਚ, ਲੋਕ ਜਮਹੂਰੀ ਸ਼ਕਤੀਆਂ ਦੀ ਅਗਵਾਈ ਵਿਚ ਕੋਈ ਤਬਦੀਲੀ ਹੋ ਗਈ ਤਾਂ ਦੁਨੀਆਂ ਵਿਚ ਸਾਮਰਾਜ ਦੀ ਸ਼ਕਤੀ ਦੇ ਖਾਤਮੇ ਦਾ ਸਮਾਂ ਨੇੜ ਆ ਜਾਵੇਗਾ। ਭਾਰਤ ਤੋਂ ਮਗਰੋਂ ਧੜਾ ਧੜ ਅਨੇਕਾਂ ਦੇਸ਼ਾਂ ਵਿਚ ਅਜਿਹੀ ਤਬਦੀਲੀ ਵਾਪਰਨੀ ਐਨ ਸੰਭਵ ਹੋ ਜਾਵੇਗੀ।

ਇਹੋ ਕਾਰਨ ਹੈ ਕਿ ਵੱਖਵਾਦੀ ਸ਼ਕਤੀਆਂ, ਲੋਕਾਂ ਦੇ ਹਿੱਤਾਂ ਦੇ ਵਿਰੁਧ, ਸਾਮਰਾਜ ਦੇ ਹਿੱਤਾਂ ਲਈ ਸਰਗਰਮੀ ਨਾਲ ਕੰਮ ਕਰ ਰਹੀਆਂ ਹਨ। ਜਿਨ੍ਹਾਂ ਨੇ ਧਰਮ ਦੇ ਆਧਾਰ ਉਪਰ ਸਾਧਾਰਨ ਲੋਕਾਂ ਨੂੰ ਗੁੰਮਰਾਹ ਕਰਨ ਲਈ ਜ਼ੋਰ ਲਾਇਆ ਹੋਇਆ ਹੈ।

ਸਾਮਰਾਜ ਦੀ ਇਸ 'ਵੱਡੀ ਸਾਜ਼ਸ਼' ਨੂੰ ਨੇਪਰੇ ਚਾੜ੍ਹਨ ਵਿਚ ਜਿਥੇ ਫਿਰਕਾਪ੍ਰਸਤ ਤਾਕਤਾਂ ਸਰਗਰਮ ਹਨ, ਉਸੇ 'ਖੱਬੂ-ਮਾਅਰਕੇਬਾਜ਼' ਟੋਲੇ ਵੀ ਪਿਛੇ ਨਹੀਂ ਹਨ। ਕੈਨੇਡਾ ਵਿਚ ਸੱਤ ਨਰਾਇਣ ਦਾ ਨਕਸਲੀ ਗਰੁੱਪ ਕਹਿ ਰਿਹਾ ਹੈ ਕਿ ਅਮਰੀਕੀ ਸਾਮਰਾਜ ਨੂੰ "ਖਾਲਿਸਤਾਨ" ਵਿਚ ਕੋਈ ਦਿਲਚਸਪੀ ਨਹੀਂ ਹੈ। ਜਿਸ ਦਾ ਅਰਥ ਇਹ ਹੈ ਕਿ ਸਾਮਰਾਜ ਵਖਵਾਦੀਆਂ ਦੀ ਕੋਈ ਸਹਾਇਤਾ ਨਹੀਂ ਕਰ ਰਿਹਾ ਹੈ। ਅੱਜ ਕੱਲ ਇਹ ਲੋਕ ਵੀ ਭਾਰਤ ਦੀ ਅਖੰਡਤਾ ਦੀ ਗੱਲ ਕਰ ਰਹੇ ਹਨ, ਕੁਝ ਸਮਾਂ ਪਹਿਲਾਂ ਇਹ ਨਾਗਾਲੈਂਡ ਅਤੇ ਮੀਜ਼ੋਰਾਮ ਦੀ ਅਤੇ ਕਸ਼ਮੀਰੀ ਲੋਕਾਂ ਦੀ ਆਤਮਨਿਰਨੇ ਦੀ ਮੰਗ ਦਾ ਸਮਰਥਨ ਕਰ ਰਹੇ ਸਨ।

ਵਿਗਿਆਨਕ ਸਮਾਜਵਾਦ ਦੇ ਬਾਨੀਆਂ ਠੀਕ ਹੀ ਕਿਹਾ ਸੀ ਕਿ ਅਤਿ ਦੇ ਸੱਜਪਛਖੜ ਅਤੇ ਅਤਿ ਦੇ ਖਬੂ ਮਾਅਰਕੇਬਾਜ਼ ਇਕ ਸਥਾਨ ਤੇ ਆਕੇ ਇਕੱਠੇ ਹੋ ਜਾਂਦੇ ਹਨ। ਜਿਥੇ ਉਹ ਲੋਕਾਂ ਦੇ ਦੁਸ਼ਮਣਾਂ ਦੇ ਹਿੱਤਾਂ ਦੀ ਪੂਰਤੀ ਲਈ ਪੂਰੇ ਉਤਰਕੇ ਸਹਾਈ ਹੁੰਦੇ ਹਨ।

ਕਵੀ-ਓ-ਵਾਚ



ਕ੍ਰਿਤ ਕਵੀ ਧਿਆਨਪੁਰੀ

ਤੇਰਾ ਮੂੰਹ ਕਾਲਾ

ਗੁਰੂ ਉਹਨਾਂ ਨੂੰ ਆਪ ਸੁਮੱਤ ਬਖਸ਼ੇ,
ਲੱਗਾ ਜਿਨ੍ਹਾਂ ਦੀ ਸੋਚ ਨੂੰ ਧੁਰੋਂ ਤਾਲਾ।
ਸੱਚ, ਧਰਮ ਨੇ ਅੰਦਰੀਂ ਦੜੇ ਬੈਠੇ -
ਚਾਰੇ ਪਾਸੇ ਹੈ ਕੂੜ ਦਾ ਬੋਲਬਾਲਾ।
ਬੁਰੀ ਨਜ਼ਰ ਨਾ ਲੱਗੇ ਪੰਜਾਬ ਤਾਈਂ,
ਕਾਮਯਾਬ ਨਾ ਦੂਤੀ ਦਾ ਹੋਏ ਚਾਲਾ।
ਤਾਹੀਓਂ ਅਸੀਂ ਲਿਖਵਾਇਆ ਟਰਾਲੀਆਂ 'ਤੇ,
ਬੁਰੀ ਨਜ਼ਰ ਵਾਲੇ ਤੇਰਾ ਮੂੰਹ ਕਾਲਾ॥

ਪੰਜਾਬੀ ਲੇਖਕ ਮੰਚ

ਪੰਜਾਬੀ ਲੇਖਕ ਮੰਚ ਵੈਨਕੂਵਰ ਦੀ ਅਗਲੀ ਇਕੱਤਰਤਾ 28 ਜੁਲਾਈ 1985 ਨੂੰ ਲਿਟਲ ਮਾਊਂਟੇਨ ਨੇਬਰਹੁੱਡ ਹਾਊਸ ਵਿਚ ਸ਼ਾਮ ਦੇ ਸਾਢੇ ਚਾਰ ਵਜੇ ਹੋ ਰਹੀ ਹੈ।

ਇਕੱਤਰਤਾ ਵਿਚ ਮੌਲਕ ਰਚਨਾਵਾਂ ਪੜ੍ਹਨ ਤੋਂ ਇਲਾਵਾ, ਕਨੇਡੀਅਨ ਪੰਜਾਬੀ ਸਾਹਿਤ ਉਤੇ ਵੀਡੀਓ ਪ੍ਰੋਡਕਸ਼ਨ, ਅਤੇ ਪੁਸਤਕ ਪ੍ਰਕਾਸ਼ਨ ਉਤੇ ਵਿਸ਼ੇਸ਼ ਤੌਰ ਉਤੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ ।

ਮੰਚ ਦੀਆਂ ਪਹਿਲੀਆਂ ਕੁਝ ਮੀਟਿੰਗਾਂ ਵਿਚ ਗੁਰਚਰਨ ਰਾਮਪੁਰੀ, ਸੁਖਵੰਤ ਹੁੰਦਲ, ਮੱਖਣ ਟੁੱਟ, ਸੁਖਪਾਲ, ਦਰਸ਼ਨ ਗਿੱਲ, ਸਾਧੂ, ਅਮਰ ਸਿੰਘ ਬੈਨੀਪਾਲ, ਗੁਰਚਰਨ ਟੱਲੇਵਾਲੀਆ, ਭਵਖੰਡਨ, ਅਜਮੇਰ ਰੋਡੇ, ਚਰਨ ਸਿੰਘ, ਮਹਿੰਦਰ ਸੂਮਲ ਅਤੇ ਮਨਜੀਤ ਮੀਤ ਨੇ ਭਾਗ ਲਿਆ ਅਤੇ ਰਚਨਾਵਾਂ ਪੜ੍ਹੀਆਂ :

ਗੁਰਚਰਨ ਰਾਮਪੁਰੀ ਨੇ "ਸੈਨਾਪਤੀ" ਨਜ਼ਮ ਪੜ੍ਹੀ ।

"ਹੇ ਸੈਨਾਪਤਿ ਬਜਰੰਗ ਬਲੀ ਜੀ
ਸੈਨਾ ਨੂੰ ਹੁਣ ਹੋਰ ਅਗਨਬਾਲਾਂ ਦੀ ਲੋੜ ਨਹੀਂ ਹੈ
ਲੋਕਾਂ ਨੂੰ ਸਾੜਨ ਦੀ ਖਾਤਰ
ਲਾਟਾਂ ਛੱਡਦੀ ਪੂਛ ਤੁਹਾਡੀ ਇਕੋ ਹੀ ਕਾਫੀ ਹੈ"

ਸਾਧੂ ਨੇ ਆਪਣੀਆਂ ਦੋ ਮੌਲਕ ਰਚਨਾਵਾਂ ਪੜ੍ਹੀਆਂ :

"ਬੱਚਿਆਂ ਦੇ ਗਲਾਂ 'ਚ ਬਲਦੇ ਟਾਇਰ
ਤੁਹਾਡੇ ਵੀ ਸਿਰਾਂ 'ਚ ਜੰਮ ਗਏ ਹੋਣਗੇ"

ਸਾਧੂ ਨੇ ਪੋਰਟ ਰੀਕਨ ਕਵੀ ਪੇਦਰੋ ਪਾਇਤਰੀ ਦੀ ਇਕ ਲੰਬੀ ਨਜ਼ਮ ਦਾ ਅਨੁਵਾਦ "ਇਕ ਕਾਕਰੋਚ ਦਾ ਖੁਦਕਸ਼ੀ ਨੋਟ" ਵੀ ਪੜ੍ਹ ਕੇ ਸੁਣਾਇਆ ਜੋ ਬਹੁਤ ਦਿਲਚਸਪ ਰਿਹਾ ।

ਸੁਖਪਾਲ ਨੇ ਆਪਣਾ ਨਵਾਂ ਲਿਖਿਆ ਗੀਤ ਪੜ੍ਹਿਆ :

"ਤੁਸੀਂ ਆਪਣੇ ਹੀ ਗੀਤ ਤੋਂ
ਕਿਉਂ ਮੂੰਹ ਹੋ ਚਿੜਾ ਰਹੇ"

ਅਮਰ ਸਿੰਘ ਬੈਨੀਪਾਲ ਨੇ ਆਪਣੀ ਉਰਦੂ ਵਿਚ ਨਜ਼ਮ "ਆਦਤ" ਪੜ੍ਹ ਕੇ ਸੁਣਾਈ ਅਤੇ ਕੁਝ ਹੋਰ ਉਰਦੂ ਸ਼ਿਅਰ ਵੀ ਪੜ੍ਹੇ :

"ਥੀ ਹਮੇਂ ਅਪਨੀ ਨਰਗਸੀ ਨਜ਼ਰੋਂ ਕੀ ਤਲਾਸ਼
ਪੱਤੀ ਪੱਤੀ ਤਿਨਕਾ ਤਿਨਕਾ ਸਾਰਾ ਗੁਲਸ਼ਨ ਕਰ ਦੀਆ ।"

ਚਰਨ ਸਿੰਘ ਨੇ ਆਪਣੀਆਂ ਨਵੀਆਂ ਲਿਖੀਆਂ ਕਵਿਤਾਵਾਂ ਸੁਣਾਈਆਂ । ਉਸਦੀ ਕਵਿਤਾ ਪਰਿਕਰਮਾ ਵਿਚੋਂ ਕੁਝ ਬੋਲ :

"ਮੇਰਾ ਚਿਹਰਾ ਮੈਨੂੰ ਹੀ ਇੰਜ ਲਗਦਾ ਹੈ
ਹਵਾ ਦੇ ਮੱਥੇ ਜੀਕੂੰ ਦੀਵਾ ਜਗਦਾ ਹੈ
ਜਾਂ ਜੰਗਲੀ ਹਰਿਆਉਨ ਦੇ ਨੈਣੀਂ
ਸ਼ੀਸ਼ੇ ਦਾ ਝੱਖੜ ਵਗਦਾ ਹੈ ।"

ਮੁਹਿੰਦਰ ਸੂਮਲ ਨੇ ਆਪਣਾ ਨਵਾਂ ਗੀਤ ਪੜ੍ਹਿਆ :

"ਧੂੰਏਂ ਦੇ ਸੰਗ ਉਡਗੇ ਜੋ ਲਿਖੇ ਸਨ ਗੀਤ
ਅੰਨ੍ਹੇ ਖੂੰਹ ਵਿਚ ਸੁੱਟਤੀ ਕਿਸੇ ਤਾੜੀ ਮਾਰ ਪ੍ਰੀਤ ।"

ਮਨਜੀਤ ਮੀਤ ਨੇ ਆਪਣੀਆਂ ਸੱਜਰੀਆਂ ਰਚਨਾਵਾਂ ਪੜ੍ਹੀਆਂ :

"ਮੇਰਾ ਤਰਲ ਜਿਸਮ ਪਾਣੀ ਚੋਂ
ਅਗਨੀ ਟੋਲਦਾ
ਹੈ ਚਾਰ ਦਿਸ਼ਾਵੀਂ ਤੁਰ ਗਿਆ ।"

ਅਜਮੇਰ ਰੋਡੇ ਨੇ ਆਪਣੇ ਹੁਣੇ ਹੁਣੇ ਛਪੇ ਨਾਟਕ "ਕਾਮਾਗਾਟਾ ਮਾਰੂ" ਵਿਚੋਂ ਇਕ ਸੀਨ ਪੜ੍ਹ ਕੇ ਸੁਣਾਇਆ ।

ਸਾਧੂ ਅਤੇ ਸੁਖਪਾਲ ਨੇ ਪੰਜਾਬ ਦੀ ਅਜੋਕੀ ਸਥਿਤੀ ਬਾਰੇ ਲਿਖੀਆਂ ਗਈਆਂ ਕਵਿਤਾਵਾਂ ਉਤੇ ਇਕ ਪੁਸਤਕ ਦੀ ਸੰਪਾਦਨਾ ਕਰਨ ਦੀ ਸੂਚਨਾ ਦਿਤੀ ਅਤੇ ਲੇਖਕਾਂ ਨੂੰ ਕਵਿਤਾਵਾਂ ਦੇਣ ਬਾਰੇ ਅਪੀਲ ਕੀਤੀ ।

ਗੁਰਚਰਨ ਰਾਮਪੁਰੀ ਵਲੋਂ ਤਿਆਰ ਕੀਤੇ ਗਏ ਖਰੜੇ ਉਤੇ, ਜਿਸ ਵਿਚ ਉਸਦੀਆਂ ਮੌਲਿਕ ਕਵਿਤਾਵਾਂ ਸ਼ਾਮਿਲ ਹਨ, ਵਿਚਾਰ ਕੀਤੀ ਗਈ ਅਤੇ ਸੁਝਾ ਪੇਸ਼ ਕੀਤੇ ਗਏ ।

ਅਗਲੀ ਇਕੱਤਰਤਾ : 28 ਜੁਲਾਈ 1985 ; 4:30 ਸ਼ਾਮ ; ਲਿਟਲਮਾਊਂਟੇਨ ਨੇਬਰ ਹੁੱਡ ਹਾਊਸ । ਹੋਰ ਜਾਣਕਾਰੀ ਲਈ ਫੋਨ : 986-2883

ਅਜਮੇਰ ਰੋਡੇ
(ਪੰਜਾਬੀ ਲੇਖਕ ਮੰਚ, ਵੈਨਕੂਵਰ)

ਕੋਇਟਾ 'ਚ ਨਜਾਇਜ਼ ਹਥਿਆਰ ਜਮ੍ਹਾਂ ਕਰਾਉਣ ਦਾ ਆਦੇਸ਼

ਇਸਲਾਮਾਬਾਦ: ਬਲੋਚਿਸਤਾਨ ਸੂਬੇ ਦੀ ਰਾਜਧਾਨੀ ਕੋਇਟਾ ਵਿਚ ਹੋਈਆਂ ਉਨ੍ਹਾ ਝੜਪਾਂ , ਜਿਨ੍ਹਾ ਵਿਚ ਕੋਈ 35 ਵਿਅਕਤੀ ਮਾਰੇ ਗਏ ਸਨ, ਪਿਛੋਂ ਪਾਕਿਸਤਾਨ ਸਰਕਾਰ ਨੇ ਕੋਇਟਾ ਦੇ ਸ਼ਹਿਰੀਆਂ ਨੂੰ 24 ਘੰਟਿਆਂ ਦੇ ਅੰਦਰ ਅੰਦਰ ਨਜਾਇਜ਼ ਅਸਲਾ ਜਮ੍ਹਾਂ ਕਰਾਉਣ ਦਾ ਆਦੇਸ਼ ਜਾਰੀ ਕੀਤਾ ਹੈ ।

ਸ਼ੀਆ ਮੁਸਲਮਾਨਾਂ ਵਲੋਂ ਉਨ੍ਹਾਂ ਲਈ ਵੱਖਰੇ ਕਾਨੂੰਨ ਬਨਾਉਣ ਦੀ ਮੰਗ ਨੂੰ ਲੈ ਕੇ ਪਿਛਲੇ ਹਫਤੇ ਸ਼ੁਰੂ ਹੋਈਆਂ ਝੜਪਾਂ ਪਿਛੋਂ ਹੁਣ ਤਕ ਚਾਰ ਟਰੱਕਾਂ 'ਚ ਭਰਨ ਜੋਗੇ ਹਥਿਆਰ ਫੜੇ ਗਏ ਹਨ। ਇਨ੍ਹਾਂ ਵਿਚੋਂ ਬਹੁਤੀਆਂ ਕਾਲਾਸ਼ਿਨਕੋਵ ਰਾਈਫਲਾਂ ਹਨ ।

ਅਧਿਕਾਰੀਆਂ ਨੇ 600 ਤੋਂ ਵਧੇਰੇ ਵਿਅਕਤੀ ਗ੍ਰਿਫਤਾਰ ਕੀਤੇ ਹਨ ਜਿਨ੍ਹਾਂ ਵਿਚੋਂ ਬਹੁਤੇ ਅਫਗਾਨ ਸ਼ਰਨਾਰਥੀ ਹਨ। ਅਧਿਕਾਰੀਆਂ ਦਾ ਕਹਿਣਾ ਹੈ ਕਿ ਪੁਛਗਿਛ ਪਿਛੋਂ ਇਨ੍ਹਾਂ ਨੂੰ ਵਾਪਸ ਕੈਂਪਾਂ ਵਿਚ ਭੇਜ ਦਿਤਾ ਜਾਵੇਗਾ ।

ਪਾਕਿਸਤਾਨ ਦੇ ਗ੍ਰਹਿ ਮੰਤਰੀ ਮੁਹੰਮਦ ਅਸਲਮ ਖਟਕ ਨੇ ਕਿਹਾ ਹੈ ਕਿ ਇਨ੍ਹਾਂ ਦੰਗਿਆਂ ਪਿਛੇ ਵਿਦੇਸ਼ੀ ਹੱਥ ਹੋਣ ਦੇ ਪੱਕੇ ਸਬੂਤ ਮਿਲੇ ਹਨ ।

ਸਰਕਾਰ ਨੇ ਚਿਤਾਵਨੀ ਦਿਤੀ ਹੈ ਕਿ ਹਥਿਆਰ ਜਮ੍ਹਾਂ ਨਾ ਕਰਾਉਣ ਵਾਲਿਆਂ ਤੋਂ ਬਾਅਦ ਵਿਚ ਹਥਿਆਰ ਮਿਲਣ ਉਪਰੰਤ ਸਖਤ ਸਜ਼ਾ ਦਿਤੀ ਜਾਵੇਗੀ ਅਤੇ ਘਰ ਘਰ ਦੀ ਤਲਾਸ਼ੀ ਲਈ ਜਾਵੇਗੀ ।

ਉਨ੍ਹਾਂ ਨੂੰ ਭਾਰਤੀ ਸਮੇਂ ਮੁਤਾਬਕ ਸ਼ਾਮ ਦੇ ਸਾਢੇ ਚਾਰ ਵਜੇ ਤਕ ਦੀ ਮੋਹਲਤ ਦਿਤੀ ਗਈ ਸੀ ।

ਫਿਲਮ ਦਰਪਣ

ਸੱਤਾ ਅਮਿਤਾਬ ਦੇ ਸਿਰ ਨੂੰ ਚੜ੍ਹ ਗਈ

—ਸ਼ਮਸ਼ੇਰ ਸਿੰਘ ਸੰਧੂ



ਪ੍ਰੋਡਿਊਸਰ ਡਾਇਰੈਕਟਰ ਅਰਜਨ ਹਿੰਗੋਰਾਨੀ ਨੇ ਫਿਲਮਾਂ ਵਾਲਿਆਂ ਦੇ ਪ੍ਰਤੀਨਿਧੀ ਵਜੋਂ ਅਭਿਨੇਤਾ ਤੋਂ ਨੇਤਾ ਬਣੇ ਅਮਿਤਾਬ ਬਚਨ ਨੂੰ ਖੁੱਲ੍ਹਾ ਖਤ ਲਿਖਿਆ ਜਿਸ ਵਿਚ ਫਿਲਮ ਸਨਅਤ ਨਾਲ ਦਰਪੇਸ਼ ਮਸਲਿਆਂ ਨੂੰ ਹੱਲ ਕਰਨ ਵਾਸਤੇ "ਅਮਿਤਾਬ ਨੂੰ ਆਪਣੇ ਫਰਜ਼" ਪਛਾਨਣ ਲਈ ਜ਼ੋਰਦਾਰ ਸ਼ਬਦਾਂ ਵਿਚ ਕਿਹਾ ਗਿਆ।

ਅਮਿਤਾਬ ਨੇ ਹਿੰਗੋਰਾਨੀ ਦੇ ਸਵਾਲਾਂ ਦੇ ਜਵਾਬ 'ਚ ਖੁੱਲ੍ਹਾ ਪੱਤਰ ਲਿਖ ਮਾਰਿਆ ਹੈ। ਹਿੰਗੋਰਾਨੀ ਨੇ ਕਿਹਾ ਸੀ ਕਿ ਅਮਿਤਾਬ ਜੀ, ਸਰਕਾਰ ਨੇ ਤਾਂ ਜਾਅਲੀ ਵੀਡੀਓ ਕੈਸਟਾਂ ਦੀ ਬਿਮਾਰੀ ਦੀ ਰੋਕਥਾਮ ਲਈ ਕੁਝ ਨਹੀਂ ਕਰਨਾ ਪਰ ਤੁਸੀਂ ਹੀ "ਆਪਦਾ ਵਾਅਦਾ" ਪੂਰਾ ਕਰੋ ਕਿਉਂ ਜੋ ਤੁਸੀਂ ਫਿਲਮ ਸਨਅਤ ਦੇ ਚੁਣੇ ਹੋਏ ਨੁਮਾਇੰਦੇ ਹੋ।

ਪਰ ਅਮਿਤਾਬ ਨੇ ਇਸ ਗੱਲ ਨੂੰ ਜਿਵੇਂ ਗਾਲ੍ਹ ਸਮਝਿਆ ਹੋਵੇ ਤੇ ਬੜੇ ਹੀ ਖੁਸ਼ਕ ਲਹਿਜੇ 'ਚ ਅਗੋਂ ਜਵਾਬ ਦਿਤਾ, "ਸ੍ਰੀਮਾਨ ਹਿੰਗੋਰਾਨੀ ਜੀ ਸਾਹਿਬ, ਮੈਂ ਤੁਹਾਡੀਆਂ ਦਲੀਲਾਂ ਨਾਲ ਸਹਿਮਤ ਨਹੀਂ ਹਾਂ। ਮੈਂ ਤੁਹਾਡਾ ਫਿਲਮਾਂ ਵਾਲਿਆਂ ਦਾ ਚੁਣਿਆ ਨੁਮਾਇੰਦਾ ਨਹੀਂ ਹਾਂ, ਮੈਨੂੰ ਜੇ ਚੁਣਿਆ ਹੈ ਤਾਂ ਅਲਾਹਾਬਾਦ - 56 ਪਾਰਲੀਮਾਨੀ ਹਲਕੇ ਦੇ ਵੋਟਰਾਂ ਨੇ ਚੁਣਿਆ ਹੈ। ਮੈਂ ਇਸ ਲਈ ਉਨ੍ਹਾਂ ਵੋਟਰਾਂ ਅੱਗੇ ਜੁਆਬਦੇਹ ਹਾਂ, ਤੁਹਾਡੇ ਅੱਗੇ ਨਹੀਂ, ਬਿਲਕੁਲ ਨਹੀਂ।"

ਹੁਣ ਫਿਲਮ ਵਾਲੇ ਅਮਿਤਾਬ ਦੇ ਅਜਿਹੇ ਪ੍ਰਤੀਕਰਮ ਤੋਂ ਕਾਫੀ ਔਖੇ ਹਨ ਤੇ ਉਹ ਖੁਲ੍ਹੇਆਮ ਕਹਿਣ ਲਗ ਪਏ ਹਨ ਕਿ "ਸੱਤਾ ਅਮਿਤਾਬ ਦੇ ਸਿਰ ਨੂੰ ਚੜ੍ਹ ਗਈ।"

ਉਂਝ ਉਸੇ ਹੀ ਪੱਤਰ ਵਿਚ ਅਮਿਤਾਬ ਨੇ ਸਿਆਸੀ ਨੇਤਾਵਾਂ ਵਾਂਗ "ਵਫਦ ਨੂੰ ਭਰੋਸਾ" ਦਿਵਾਉਂਦੇ ਹੋਏ ਲਿਖਿਆ ਹੈ ਕਿ "ਫਿਲਮ ਇੰਡਸਟਰੀ ਲਈ ਮੇਰੇ ਮਨ 'ਚ ਬਹੁਤ ਸਤਿਕਾਰ ਹੈ। ਮੈਂ ਕੋਸ਼ਿਸ਼ ਕਰਾਂਗਾ ਕਿ ਇਸ ਸਨਅਤ ਦੇ ਵੱਧ ਤੋਂ ਵੱਧ ਕੰਮ ਕਰਾ ਸਕਾਂ। ਮੈਂ ਫਿਲਮਾਂ ਵਾਲਿਆਂ ਦੀਆਂ ਮੁਸ਼ਕਿਲਾਂ ਬਾਰੇ ਕੇਂਦਰ ਸਰਕਾਰ ਨੂੰ ਸਮੇਂ ਸਮੇਂ ਸਿਰ ਜਾਣੂੰ ਕਰਾਉਂਦਾ ਰਹਾਂਗਾ ..."

ਫਿਲਮ ਸੰਖੇਪ

* ਪੰਜਾਬ ਦੇ ਲੋਕ ਗਾਇਕ ਸ਼ੁਰਿੰਦਰ ਛਿੰਦਾ ਦੇ ਚੋਣਵੇਂ ਤੇ ਹਿਟ ਹੋਏ 9 ਗੀਤਾਂ ਨੂੰ ਲੈ ਕੇ ਦਿੱਲੀ ਦੀ ਇਕ ਕੰਪਨੀ ਵੀਡੀਓ ਫਿਲਮ ਬਣਾ ਰਹੀ ਹੈ। ਇਹ ਸਾਰੇ ਗਾਣੇ ਵੱਖ ਵੱਖ ਤੇ ਢੁਕਵੀਂ ਪੁਸ਼ਾਕ ਵਿਚ ਛਿੰਦੇ ਉਪਰ ਫਿਲਮਾਏ ਜਾਣਗੇ। ਕੁਝ ਗਾਣਿਆਂ ਲਈ ਆਊਟਡੋਰ ਸ਼ੂਟਿੰਗ ਕੀਤੀ ਜਾਵੇਗੀ। ਜਿਉਣਾ ਮੌੜ ਛਤਰ ਚੜ੍ਹਾਉਣ ਚਲਿਆ, 'ਦੋ ਊਠਾਂ ਵਾਲੇ ਨੀ ਲੁੱਟ ਕੇ ਸੇਜ ਸੱਸੀ ਦੀ ਲੈ ਗਏ' ਆਦਿ ਲੋਕ ਗਥਾਵਾਂ ਤੋਂ ਬਿਨਾਂ ਦੋਗਾਣੇ ਵੀ ਸ਼ਾਮਿਲ ਕੀਤੇ ਹਨ। ਇਸੇ ਹੀ ਵੀਡੀਓ ਫਿਲਮ ਵਿਚ ਲੋਕ ਗਾਇਕ ਦੀਦਾਰ ਸੰਧੂ ਤੇ ਅਮਰ ਨੂਰੀ ਦਾ ਬਹੁਚਰਚਿਤ ਦੋਗਾਣਾਂ "ਮੇਰਾ ਕਲ੍ਹ ਦਾ ਕਾਲਜਾ ਦੁਖਦਾ" ਨੂੰ ਸੁਰਿੰਦਰ ਛਿੰਦਾ ਤੇ ਉਹਦੀ ਸਾਥਣ ਗਾਇਕਾ ਵੱਖਰੀ ਤਰਜ਼ 'ਚ ਗਾਉਣਗੇ।

****

ਸਾਗਰ ਸਰਹੱਦੀ ਜੁਲਾਈ ਦੇ ਅੱਧ 'ਚ ਪੰਜਾਬ ਆ ਰਿਹਾ ਹੈ ਤੇ ਆਪਣੀ ਪੰਜਾਬੀ ਫਿਲਮ ਲਈ ਕਲਾਕਾਰਾਂ ਦੀ ਅੰਤਿਮ ਚੋਣ ਕਰਨ ਉਪਰੰਤ ਇਸ ਦੌਰੇ ਦੌਰਾਨ ਦੋਆਬੇ ਦੇ ਕੁਝ ਪਿੰਡਾਂ ਵਿਚ ਜਾ ਕੇ ਲੋਕੇਸ਼ਨਾਂ ਦੀ ਚੋਣ ਕਰੇਗਾ ਜਿਥੇ ਕਿ ਫਿਲਮ ਦੀ ਆਊਟਡੋਰ ਸ਼ੂਟਿੰਗ ਕੀਤੀ ਜਾਣੀ ਹੈ। ਸਾਗਰ ਸਰਹੱਦੀ ਨੇ ਬਿਲਗਾ ਪਿੰਡ ਪਹਿਲਾਂ ਹੀ ਚੁਣ ਰਖਿਆ ਹੈ ਤੇ ਉਥੇ ਸ਼ੂਟਿੰਗ ਦਾ ਇਕ ਪੜਾਅ ਤੈਅ ਕਰਨ ਦਾ ਐਲਾਨ ਕੀਤਾ ਹੈ।

****

ਪੰਜਾਬੀ ਫਿਲਮ ਕੁੜਮਾਈ ਦੀ ਆਊਟਡੋਰ ਸ਼ੂਟਿੰਗ ਇਹਨੀਂ ਦਿਨੀਂ ਦਿੱਲੀ ਦੇ ਆਲੇ ਦੁਆਲੇ ਹੋ ਰਹੀ ਹੈ। ਪਹਿਲਾਂ ਇਸ ਫਿਲਮ ਦੀ ਸ਼ੂਟਿੰਗ ਪੰਜਾਬ ਵਿਚ ਹੋਣੀ ਸੀ ਪਰ ਫੇਰ ਕੁਝ ਕਾਰਨਾਂ ਕਰਕੇ ਦਿੱਲੀ ਨੂੰ ਹੀ ਬਿਹਤਰ ਸਮਝਿਆ ਗਿਆ।

****

ਗੁਰਦਾਸ ਮਾਨ ਪੰਜਾਬੀ ਫਿਲਮਾਂ ਵਿਚ ਵਾਹਵਾ ਚਲ ਨਿਕਲਿਆ ਹੈ। ਗੱਭਰੂ ਪੰਜਾਬ ਦਾ ਅਤੇ ਕੀ ਬਣੂੰ ਦੁਨੀਆਂ ਦਾ ਫਿਲਮਾਂ ਤੇਜੀ ਨਾਲ ਮੁਕੰਮਲਤਾ ਵਲ ਵਧ ਰਹੀਆਂ ਹਨ। ਕੇ. ਸੀ. ਵਨਾਸਪਤੀ ਜੰਮੂ ਵਾਲਿਆਂ ਨੇ ਨਵੀਂ ਪੰਜਾਬੀ ਫਿਲਮ "ਚੰਨ ਮਾਹੀ" ਦਾ ਐਲਾਨ ਕੀਤਾ ਹੈ ਜਿਸਦਾ ਹੀਰੋ ਗੁਰਦਾਸ ਮਾਨ ਹੋਵੇਗਾ। ਨੇੜ ਭਵਿਖ ਵਿਚ ਰੀਲੀਜ਼ ਹੋਣ ਵਾਲੀ ਹਿੰਦੀ ਫਿਲਮ 'ਪੱਥਰ ਦਿਲ' ਵਿਚ ਡਾਇਰੈਕਟਰ ਸੁਰਿੰਦਰ ਮੋਹਨ ਨੇ ਗੁਰਦਾਸ ਮਾਨ ਦਾ ਇਕ ਗਾਣਾ ਪਾਇਆ ਤੇ ਉਸੇ ਉਪਰ ਹੀ ਇਸ ਗਾਣੇ ਨੂੰ ਫਿਲਮਾਇਆ ਹੈ। ਸੁਦਰਸ਼ਨ ਫਾਕਿਰ ਦੇ ਲਿਖੇ ਇਸ ਗਾਣੇ ਦਾ ਮੁਖੜਾ ਹੈ :

ਜਗ ਮੇਂ ਕਿਆ ਥਾ ਰਬ ਸੇ ਪਹਿਲੇ
ਸ਼ਾਇਦ ਇਸ਼ਕ ਥਾ ਸਭ ਸੇ ਪਹਿਲੇ

ਬਿਜਲੀਆਂ ਦੀ ਕੜਕ ਸਾਡਾ ਇੱਕ ਇਸ਼ਾਰਾ ਭਾਲਦੀ,
ਦਾਅਵਤਾਂ ਦਿੰਦਾ ਪਿਆ ਹੈ ਦੂਰ ਪਾਰੋਂ ਇੱਕ ਤੂਫਾਨ.

ਗ਼ਜ਼ਲ

—ਹਰਭਜਨ ਸਿੰਘ 'ਹੁੰਦਲ'

ਕਿਵੇਂ ਤਲੀ ਦੇ ਉਤੇ ਪੀੜ੍ਹ ਦਾ ਪਹਾੜ ਧਰ ਲਈਏ
ਹੋਏ ਹਾਦਸੇ ਦਾ ਦੱਸ ਕੀ ਹਿਸਾਬ ਕਰ ਲਈਏ

ਕੌਣ ਰਿਹਾ ਸੀ ਅਡੋਲ, ਰਿਹਾ ਕੌਣ ਡੋਲਦਾ
ਕਿਹਦੇ ਮੱਥੇ ਉਤੇ ਅੱਜ ਇਲਜ਼ਾਮ ਧਰ ਲਈਏ

ਨਹੀ ਜਿੱਤਾਂ ਕਿਸੇ ਥਾਲੀ ਵਿੱਚ ਪਾ ਕੇ ਰੱਖੀਆਂ
ਕਦੇ ਖੇਡ ਜਿੱਤ ਲਈਏ, ਕਦੇ ਬਾਜ਼ੀ ਹਰ ਲਈਏ

ਅਸਾਂ ਸੋਚਿਆ ਸੀ ਕਰਾਂਗੇ ਨਾ ਕੋਈ ਵੀ ਗਿਲਾ
ਚੁੱਪ ਕੀਤਿਆਂ ਹੀ ਸ਼ਬਦਾਂ ਦੇ ਤੀਰ ਜਰ ਲਈਏ

ਸਾਥੋਂ ਹੋਈ ਗੁਸਤਾਖੀ ਚੁੱਪ ਰਿਹਾ ਨਾ ਗਿਆ
ਤੱਤੇ ਨਾਹਰਿਆਂ ਤੇ ਕੀਕਰਾਂ ਅਜਾਈਂ ਮਰ ਲਈਏ

ਕਿੰਨਾ ਡੋਲਦੇ ਜਹਾਜ਼ ਵਿੱਚ ਖੂਨ ਸੁੱਕਿਆ
ਜ਼ਰਾ ਬੈਠ ਕੇ ਮਲਾਹਾਂ ਸੰਗ ਬਾਤ ਕਰ ਲਈਏ

ਅਸਾਂ ਕੌੜੀਆਂ ਵੀ ਪੀਤੀਆਂ ਨੇ ਖੰਡ ਜਾਣਕੇ
ਵਾਰ ਵਾਰ ਕਿੰਝ ਜ਼ਹਿਰ ਵਾਲਾ ਘੁੱਟ ਭਰ ਲਈਏ

ਸਾਨੂੰ ਮਾਰਿਆ ਭੁਲੇਖੇ ਤਾਹੀਉ ਰਹੇ ਡੁੱਬਦੇ
ਏਸ ਖੂੰਨੀ ਦਰਿਆ ਨੂੰ ਕਿੰਝ 'ਕੱਲੇ ਤਰ ਲਈਏ

ਤੁਸਾਂ ਮੰਗਿਆ ਸੀ ਸੀਸ ਅਸੀਂ ਪੇਸ਼ ਹੋ ਗਏ
ਹੋਵੇ ਆਗਿਆ ਤਾਂ ਕੱਟ ਕੇ ਹਥੇਲੀ ਧਰ ਲਈਏ

AMBIKA FOODS

5125 Victoria Drive Vancouver,
B.C. Canada
Phone 327-0295

Golden Temple Atta ਗੋਲਡਨ ਟੈਂਪਲ ਆਟਾ **9.89** 2x10 kg.	**Farine Atta ਫਰੀਨ ਆਟਾ** **9.89** 2x10 kg.
Fresh Karela ਤਾਜੇ ਕਰੇਲੇ **69¢** lb.	**Sugar ਖੰਡ** **4.39** 10 kg.
Chicken Legs ਮੁਰਗੇ ਦੀਆਂ ਲੱਤਾਂ **99¢** lb.	**Goat Meat ਬੱਕਰੇ ਦਾ ਮੀਟ** **1.99** lb.
Mirch ਮਿਰਚ **99¢** lb.	**Haldi ਹਲਦੀ** **99¢** lb.
Chana Dall ਚਨਾ ਦਾਲ **33¢** lb.	**MOTH ਮੋਠ** **99¢** lb.

Prices Effective till Quantities Last

ਪਾਕਿਸਤਾਨ ਵਲੋਂ ਅਤਿਵਾਦੀਆਂ ਦੀ ਸਹਾਇਤਾ

ਲੁਧਿਆਣਾ: ਪੁਲੀਸ ਕਪਤਾਨ ਸ੍ਰੀ ਏ. ਪੀ. ਪਾਂਡੇ ਉਤੇ ਹਮਲਾ ਕਰਨ ਸਮੇਂ ਗ੍ਰਿਫਤਾਰ ਕੀਤੇ ਗਏ ਟਰੱਕ ਡਰਾਈਵਰ ਪ੍ਰੇਮ ਪਾਲ ਸਿੰਘ ਨੇ ਪੁਲੀਸ ਨੂੰ ਦੱਸਿਆ ਹੈ ਕਿ ਪਾਕਿਸਤਾਨ ਪੰਜਾਕ ਦੇ ਅਤਿਵਾਦੀਆਂ ਨੂੰ ਹਥਿਆਰ ਅਤੇ ਪੈਸਾ ਮਹੱਈਆ ਕਰ ਰਿਹਾ ਹੈ।

ਪੁਲੀਸ ਸੂਤਰਾਂ ਅਨੁਸਾਰ ਪ੍ਰੇਮ ਪਾਲ ਸਿੰਘ ਨੇ ਉਨ੍ਹਾਂ ਨੂੰ ਦੱਸਿਆ ਹੈ ਕਿ ਉਸ ਦੇ ਦੋ ਸਾਥੀ ਅਤੇ ਬੱਬਰ ਖਾਲਸਾ ਦੇ ਮੈਂਬਰ ਗੁਰਮੀਤ ਸਿੰਘ ਤੇ ਅਨੋਖ ਸਿੰਘ ਪਾਕਿਸਤਾਨ ਜਾਂਦੇ-ਆਉਂਦੇ ਹਨ ਅਤੇ ਉਨ੍ਹਾਂ ਸਿਖਲਾਈ ਕੈਂਪਾਂ ਵਿਚ ਵੀ ਗਏ ਹਨ ਜਿਥੇ ਕਥਿਤ ਤੌਰ 'ਤੇ ਸਿੱਖ ਅਤਿਵਾਦੀਆਂ ਨੂੰ ਸਿਖਲਾਈ ਦਿਤੀ ਜਾ ਰਹੀ ਹੈ।

ਗੁਰਮੀਤ ਸਿੰਘ ਤੇ ਅਨੋਖ ਸਿੰਘ ਨੇ ਹੀ ਪ੍ਰੇਮ ਪਾਲ ਸਿੰਘ ਨੂੰ ਦੱਸਿਆ ਸੀ ਕਿ ਬਬਰ ਖਾਲਸਾ ਦਾ ਮੁਖੀ ਸੁਖਦੇਵ ਸਿੰਘ ਇਸ ਵੇਲੇ ਪਾਕਿਸਤਾਨ ਵਿਚ ਹੈ ਅਤੇ ਪਾਕਿਸਤਾਨੀ ਅਧਿਕਾਰੀਆਂ ਦੀ ਸਹਾਇਤਾ ਨਾਲ ਟਰੇਨਿੰਗ ਕੈਂਪ ਚਲਾ ਰਿਹਾ ਹੈ।

ਉਸ ਅਨੁਸਾਰ ਇਨ੍ਹਾ ਕੈਂਪਾਂ ਵਿਚ ਕਰੀਬ ਪੰਦਰਾਂ ਹਜ਼ਾਰ ਸਿੱਖ ਯੁਵਕਾਂ ਨੂੰ ਹਥਿਆਰ ਚਲਾਉਣ ਅਤੇ ਦਹਿਸ਼ਤਪ੍ਰਸਤੀ ਦੀਆਂ ਹੋਰ ਕਾਰਵਾਈਆਂ ਕਰਨ ਦੀ ਸਿਖਲਾਈ ਦਿਤੀ ਜਾ ਰਹੀ ਹੈ। ਗੁਰਮੀਤ ਸਿੰਘ ਅਤੇ ਅਨੋਖ ਸਿੰਘ ਨੇ ਹੀ ਪ੍ਰੇਮ ਪਾਲ ਸਿੰਘ ਨੂੰ ਦੱਸਿਆ ਸੀ ਕਿ ਉਨ੍ਹਾਂ ਦਾ ਨਿਸ਼ਾਨਾ ਖਾਲਸਾ ਰਾਜ ਕਾਇਮ ਕਰਨਾ ਹੈ ਅਤੇ ਪਾਕਿਸਤਾਨ ਵਿਚ ਸਿਖਲਾਈ ਲੈ ਰਹੇ ਸਿੱਖ ਨੌਜਵਾਨ ਛੇਤੀ ਹੀ ਭਾਰਤ ਵਿਚ ਦਾਖਲ ਹੋ ਕੇ ਕਾਰਵਾਈਆਂ ਸ਼ੁਰੂ ਕਰ ਦੇਣਗੇ।

ਪ੍ਰੇਮ ਪਾਲ ਸਿੰਘ ਨੇ ਪੁਲੀਸ ਨੂੰ ਦਸਿਆ ਕਿ ਉਸ ਦੀ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਨਾਲ ਪਹਿਲੀ ਮੁਲਾਕਾਤ ਜੂਨ 1983 ਵਿਚ ਹੋਈ ਅਤੇ ਫੇਰਥ ਬਬਰ ਖਾਲਸਾ ਦੇ ਸੁਖਦੇਵ ਸਿੰਘ ਨਾਲ ਅਕਾਲ ਰੈਸਟ ਹਾਉਸ ਵਿਚ ਭੇਟ ਹੋਈ ਮਗਰੋਂ ਉਸ ਨੂੰ ਅਕਾਲ ਤਖਤ ਵਿਚ ਅੰਮ੍ਰਿਤ ਛਕਾਇਆ ਗਿਆ। ਫੌਜੀ ਕਾਰਵਾਈ ਤੋਂ ਬਾਅਦ ਉਸ ਦਾ ਬਬਰਾਂ ਨਾਲ ਕੋਈ ਸੰਪਰਕ ਨਹੀਂ ਸੀ ਰਿਹਾ। ਸਿਰਫ ਦੋ ਮਹੀਨੇ ਪਹਿਲਾਂ ਹੀ ਇਹ ਦੋਬਾਰਾ ਕਾਇਮ ਹੋਇਆ ਸੀ।

ਗੁਰਮੀਤ ਸਿੰਘ ਤੇ ਅਨੋਖ ਸਿੰਘ ਦੋ ਜੁਲਾਈ 1985 ਨੂੰ ਉਸ ਨੂੰ ਪਟਿਆਲਾ ਵਿਚ ਮਿਲੇ ਅਤੇ ਇਕ ਟਰੱਕ ਡਰਾਈਵਰ ਦਾ ਪ੍ਰਬੰਧ ਕਰਨ ਲਈ ਕਿਹਾ। ਉਸ ਵਲੋਂ ਅਸਮਰਥਾ ਪ੍ਰਗਟ ਕਰਨ 'ਤੇ ਉਨ੍ਹਾਂ ਉਸ ਨੂੰ ਪੰਥ ਦੇ ਕਾਜ਼ ਲਈ ਸਾਜ਼ਿਸ਼ ਵਿਚ ਸ਼ਾਮਲ ਹੋਣ ਲਈ ਪ੍ਰੇਰਿਆ। ਉਨ੍ਹਾ ਦੋਹਾਂ ਨੇ ਹੀ ਉਸ ਨੂੰ ਲੁਧਿਆਣਾ ਲਿਆ ਕੇ ਬਾਕੀ ਸਾਥੀਆਂ ਨਾਲ ਮਿਲਾਇਆ। ਪ੍ਰੇਮ ਪਾਲ ਸਿੰਘ ਨੇ ਪੁਲੀਸ ਨੂੰ ਦੱਸਿਆ ਕਿ ਉਸ ਦੀ ਸੂਚਨਾ ਮੁਤਾਬਿਕ ਪਾਕਿਸਤਾਨ ਜਾਣ ਵਾਲੇ ਸਾਰੇ ਸਿੱਖ ਯੁਵਕਾਂ ਗ ਨੂੰ ਪਹਿਲਾਂ ਚੌਕੀਆਂ 'ਤੇ ਰੱਖਿਆ ਜਾਂਦਾ ਹੈ ਅਤੇ ਪੁੱਛਗਿਛ ਤੋਂ ਮਗਰੋਂ ਵੱਖ ਵੱਖ ਟਰੇਨਿੰਗ ਕੈਂਪਾਂ ਵਿਚ ਭੇਜ ਦਿਤਾ ਜਾਂਦਾ ਹੈ। ਪਰ ਉਸ ਨੂੰ ਇਹ ਨਹੀਂ ਦੱਸਿਆ ਗਿਆ ਕਿ ਇਹ ਟਰੇਨਿੰਗ ਕੈਂਪ ਕਿਥੇ ਕਿਥੇ ਹਨ।

ਪੰਜਾਬ 'ਚ ਸੂਦ ਦੀਆਂ ਦਰਾਂ ਵਿਚ ਭਾਰੀ ਵਾਧਾ

ਚੰਡੀਗੜ੍ਹ: ਪੰਜਾਬ ਦੀ ਮਾਲੀ ਹਾਲਤ ਪਤਲੀ ਹੋਣ ਕਰਕੇ ਨਿਜੀ ਖੇਤਰ ਵਿਚ ਸੂਦ ਦੀ ਦਰ ਦੂਜੇ ਕਈ ਪ੍ਰਾਂਤਾਂ ਨਾਲੋਂ ਦੁੱਗਣੀ ਹੋ ਗਈ ਹੈ।

ਵਪਾਰਕ ਸੂਤਰਾਂ ਤੋਂ ਪਤਾ ਲਗਿਆ ਹੈ ਕਿ ਰਾਜਸਥਾਨ, ਉਤਰ ਪ੍ਰਦੇਸ਼, ਦਿਲੀ ਤੇ ਮੱਧ ਪ੍ਰਦੇਸ਼ ਵਿਚ ਵਪਾਰੀਆਂ ਨੂੰ ਜਿਥੇ ਨਿਜੀ ਖੇਤਰ ਵਿਚ ਕਰਜ਼ਾ ਦਸ ਫੀਸਦੀ ਤੋਂ 12 ਫੀਸਦੀ ਦੀ ਸਲਾਨਾ ਦਰ 'ਤੇ ਮਿਲ ਸਕਦਾ ਹੈ ਉਥੇ ਪੰਜਾਬ ਵਿਚ ਨਿਜੀ ਖੇਤਰ ਵਿਚ ਸੂਦ ਦੀ ਦਰ 15 ਤੋਂ ਲੈ ਕੇ 24 ਫੀ ਸਦੀ ਤਕ ਪਹੁੰਚ ਚੁੱਕੀ ਹੈ

ਪੰਜਾਬ ਵਿਚ ਗੜਬੜ ਤੇ ਸਿਆਸੀ ਅਸਥਿਰਤਾ ਕਾਰਨ ਵਪਾਰੀਆਂ ਨੂੰ ਪਹਿਲਾਂ ਤਾਂ ਕੋਈ ਉਧਾਰ 'ਤੇ ਮਾਲ ਸਪਲਾਈ ਨਹੀਂ ਕਰਦਾ ਜੇ ਕੋਈ ਮਾਲ ਸਪਲਾਈ ਕਰਦਾ ਹੈ ਤਾਂ ਸਮੇਂ ਸਿਰ ਭੁਗਤਾਨ ਨਾ ਕਰਨ 'ਤੇ 20 ਫੀਸਦੀ ਤਕ ਦੀ ਸਲਾਨ ਦਰ 'ਤੇ ਸੂਦ ਵਸੂਲ ਕੀਤਾ ਜਾਂਦਾ ਹੈ।

ਪੰਜਾਬ ਤੇ ਚੰਡੀਗੜ੍ਹ ਦੇ ਕਰਿਆਨਾ, ਬਜਾਜੀ, ਸੀਮਿੰਟ, ਲੋਹੇ, ਚੀਨੀ ਤੇ ਹੋਰ ਜ਼ਰੂਰੀ ਚੀਜ਼ਾਂ ਦੇ ਵਪਾਰੀਆਂ ਨੂੰ ਦੂਜੇ ਰਾਜਾਂ ਦੇ ਵਪਾਰੀਆਂ 'ਤੇ ਨਿਰਭਰ ਕਰਨਾ ਪੈਂਦਾ ਹੈ। ਮਾਲ ਸਮੇਂ ਸਿਰ ਸਪਲਾਈ ਨਾ ਹੋਣ ਅਤੇ ਉਚੇਰੀਆਂ ਦਰਾਂ 'ਤੇ ਸੂਦ ਭਰਨ ਨਾਲ ਵਪਾਰੀਆਂ ਨੂੰ ਭਾਰੀ ਨੁਕਸਾਨ ਉਠਾਉਣਾ ਪੈ ਰਿਹਾ ਹੈ।

ਰੀਕਾਰਡਾਂ ਤੋਂ ਕੋਈ ਸੁਰਾਗ ਨਹੀਂ ਮਿਲਿਆ

ਨਵੀਂ ਦਿੱਲੀ — ਭਾਰਤ ਦੇ ਹਵਾਬਾਜ਼ੀ ਦੇ ਵਜ਼ੀਰ ਨੇ ਇਥੇ ਪੱਤਰਕਾਰਾਂ ਨੂੰ ਦੱਸਿਆ ਕਿ ਏਅਰ ਇੰਡੀਆ 182 ਦੀ ਫਲਾਈਟ ਦੇ ਰੀਕਾਰਡਰਾਂ ਤੋਂ ਇਸ ਗੱਲ ਦਾ ਸਬੂਤ ਨਹੀਂ ਮਿਲ ਸਕਿਆ ਕਿ ਇਹ ਘਟਨਾ ਕਿਸ ਤਰ੍ਹਾਂ ਵਾਪਰੀ ਕਿਉਂਕਿ ਦਥਰਘਟਨਾ ਵੇਲੇ ਬਿਜਲੀ ਫੇਲ੍ਹ ਹੋਣ ਕਾਰਨ ਕੁਝ ਵੀ ਰੀਕਾਰਡ ਹੋਇਆ ਨਹੀਂ ਮਿਲਿਆ। ਅੱਧੇ ਘੰਟੇ ਦੀ ਦੁਰਘਟਨਾ ਹੋਣ ਤੋਂ ਪਹਿਲੀ ਟੇਪ ਬਿਲਕੁਲ ਸਹੀ ਹੈ ਪਰ ਕੁਝ ਆਵਾਜ਼ਾਂ ਤੋਂ ਬਿਨਾਂ ਰੀਕਾਰਡਰ ਹੋਰ ਕੋਈ ਸੇਧ ਨਹੀਂ ਦੇ ਸਕੇ।

ਮੰਤਰੀ ਨੇ ਕਿਹਾ ਕਿ ਹੁਣ ਏਅਰ ਇੰਡੀਆ ਦਾ ਮਲਬਾ ਸਮੁੰਦਰ ਵਿਚੋਂ ਕੱਢਿਆ ਜਾਵੇਗਾ। ਹੋ ਸਕਦਾ ਹੈ ਕਿ ਉਸ ਤੋਂ ਕੋਈ ਸੁਰਾਗ ਮਿਲੇ।

ਕੈਨੇਡਾ ਦਾ ਨੇਵੀ ਜਹਾਜ਼ ਇਕ ਦੋ ਦਿਨ ਵਿਚ ਮਲਬੇ ਦੀਆਂ ਤਸਵੀਰਾਂ ਲਵੇਗਾ ਤੇ ਉਸ ਤੋਂ ਪਿਛੋਂ ਮਲਬਾ ਕੱਢਣ ਦੇ ਯਤਨ ਕੀਤੇ ਜਾਣਗੇ।

ਚੰਦੂਮਾਜਰਾ ਵਲੋਂ ਦਲ ਨੂੰ ਮੋਰਚਾ ਤੇਜ਼ ਕਰਨ ਦੀ ਸਲਾਹ

ਮੋਰਿੰਡਾ: ਯੂਥ ਵਿੰਗ ਆਫ ਅਕਾਲੀ ਦਲ ਪੰਜਾਬ ਦੇ ਪ੍ਰਧਾਨ ਸ੍ਰੀ ਪ੍ਰੇਮ ਸਿੰਘ ਚੰਦੂਮਾਜਰਾ ਨੇ ਅਕਾਲੀ ਦਲ ਦੇ ਨੇਤਾਵਾਂ ਨੂੰ ਸਲਾਹ ਦਿਤੀ ਹੈ ਕਿ ਸਿੱਖ ਕੌਮ ਦੀ ਅਣਖ ਇੱਜ਼ਤ ਮਾਣ ਅਤੇ ਧਰਮ ਦੀ ਰਾਖੀ ਲਈ ਸ਼ੁਰੂ ਕੀਤਾ ਮੋਰਚਾ ਹੋਰ ਤੇਜ਼ ਕੀਤਾ ਜਾਵੇ।

ਸ੍ਰੀ ਚੰਦੂ ਮਾਜਰਾ ਇਥੇ ਯੂਥ ਵਿੰਗ ਅਕਾਲੀ ਦਲ ਰੋਪੜ ਵਲੋਂ ਸੱਦੀ ਗਈ ਜਨਰਲ ਬਾਡੀ ਦੀ ਮੀਟਿਨੰਗ ਵਿਚ ਯੂਥ ਵਿੰਗ ਦੇ ਵਰਕਰਾਂ ਨੂੰ ਸੰਬੋਧਨ ਕਰ ਰਹੇ ਸਨ। ਮੀਟਿਨੰਗ ਦੀ ਪ੍ਰਧਾਨਗੀ ਕਾਰਜਕਾਰੀ ਪ੍ਰਧਾਨ ਬਲਬੀਰ ਸਿੰਘ ਬੱਲ ਨੇ ਕੀਤੀ।

ਸ੍ਰੀ ਚੰਦੂਮਾਜਰਾ ਨੇ ਸਰਕਾਰ ਨੂੰ ਸਪੱਸ਼ਟ ਕੀਤਾ ਕਿ ਜਦੋਂ ਤਕ ਉਹ ਪਿਛਲੀਆਂ ਗਲਤੀਆਂ ਨਹੀਂ ਸੋਧਦੀ ਅਤੇ ਦੇਸ਼ ਭਗਤ ਸਿੱਖ ਕੌਮ ਨਾਲ ਕੀਤੇ ਅਨਿਆਂ ਅਤੇ ਧੱਕੇ ਦਾ ਪਸ਼ਚਾਤਾਪ ਨਹੀਂ ਕਰਦੀ ਉਦੋਂ ਤਕ ਸਿੱਖਾਂ ਦਾ ਵਿਸ਼ਵਾਸ਼ ਨਹੀਂ ਬੱਝ ਸਕਦਾ।

ਸ੍ਰੀ ਚੰਦੂਮਾਜਰਾ ਨੇ ਕਿਹਾ ਕਿ ਸਰਕਾਰ ਵਲੋਂ ਕੀਤੀਆਂ ਜਾ ਰਹੀਆਂ ਰਿਹਾਈਆਂ ਕੇਵਲ ਇਕ ਨਾਟਕ ਹੈ। ਬਹੁਤੇ ਉਹ ਸਿੱਖ ਰਿਹਾ ਕੀਤੇ ਜਾ ਰਹੇ ਹਨ ਜਿਨ੍ਹਾਂ ਦੀਆਂ ਪਹਿਲਾਂ ਹੀ ਜ਼ਮਾਨਤਾਂ ਹੋ ਚੁੱਕੀਆਂ ਹਨ। ਇਸ ਦੇ ਨਾਲ ਸਰਕਾਰ ਵਲੋਂ ਗ੍ਰਿਫਤਾਰੀਆਂ ਦਾ ਵੀ ਦੌਰ ਜਾਰੀ ਹੈ। ਅਤੇ ਨਿਰਦੋਸ਼ ਸਿੱਖ ਨੌਜਵਾਨਾਂ ਤੇ "ਝੂਠੇ" ਮੁਕਦਮੇ ਬਣਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦੀ ਨੀਅਤ ਸਾਫ ਨਹੀਂ ਅਤੇ "ਬਦਨੀਅਤ ਸਰਕਾਰ" ਦੇ ਨਾਲ ਗੱਲਬਾਤ ਕਿਵੇਂ ਹੋ ਸਕਦੀ ਹੈ।

ਸ੍ਰੀ ਚੰਦੂਮਾਜਰਾ ਨੇ ਸਰਕਾਰ ਉਤੇ ਦੋਸ਼ ਲਾਇਆ ਕਿ ਉਹ ਪਿੰਡਾਂ ਵਿਚ ਸਧਾਰਨ ਨੌਜਵਾਨਾਂ ਉਤੇ ਜਿਹੜੇ ਕਿ ਕੇਸਰੀ ਪੱਗਾਂ ਵੀ ਬੰਨ੍ਹਦੇ ਹਨ। ਅੰਨੇਵਾਹ ਤਸ਼ੱਦਦ ਕਰ ਰਹੀ ਹੈ। ਅਤੇ ਸਰਕਾਰ ਜਾਣ ਬੁਝ ਕੇ ਹਾਲਾਤ ਵਿਗਾੜ ਰਹੀ ਹੈ ਉਨ੍ਹਾਂ ਯੂਥ ਵਿੰਗ ਦੇ ਵਰਕਰਾਂ ਨੂੰ ਸਿੱਖ ਕੌਮ ਤੇ ਪੰਥਕ ਹਿਤਾਂ ਲਈ ਜੂਝਣ ਲਈ ਤਿਆਰ ਰਹਿਣ ਦਾ ਸੱਦਾ ਦਿਤਾ।

ਸਿੱਖ ਰਜਮੈਂਟ ਦੇ 63 ਜਵਾਨਾਂ ਦਾ ਕੋਰਟ ਮਾਰਸ਼ਲ

ਗੰਗਾਨਗਰ: ਲਾਲ ਗੜ੍ਹ ਛਾਉਣੰ 'ਚ ਸਥਿਤ ਸਿੱਖ ਰੈਜਮੈਂਟ ਦੇ 63 ਜਵਾਨਾਂ ਨੂੰ ਭਗੌੜੇ ਹੋਣ ਦੇ ਦੋਸ਼ ਹੇਠ ਜਨਰਲ ਕੋਰਟ ਮਾਰਸ਼ਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ।